ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
( ਗੁਰੂ ਨਾਨਕ ਸਾਹਿਬ )

# ਸਿੱਖ ਕੌਮ

## ਦਾ

# ਅਸਲੀ ਦੁਸ਼ਮਣ ਕੌਣ ?

ਲੇਖਕ : ਸਰੂਪ ਸਿੰਘ ਨਾਰੰਗ

ਪ੍ਰਕਾਸ਼ਕ : ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਯੂ ਕੇ

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ॥
(ਗੁਰੂ ਨਾਨਕ ਸਾਹਿਬ)

# ਸਿੱਖ ਕੌਮ

# ਦਾ

# ਅਸਲੀ ਦੁਸ਼ਮਣ ਕੌਣ?

ਲੇਖਕ : ਸਰੂਪ ਸਿੰਘ ਨਾਰੰਗ ਯੂਕੇ

ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥
(ਗੁਰੂ ਗਰੰਥ ਸਾਹਿਬ ਪੰ: 27)

# ਸਿੱਖ ਕੌਮ ਦਾ ਅਸਲੀ ਦੁਸ਼ਮਣ ਕੌਣ?

ਲੇਖਕ : ਸਰੂਪ ਸਿੰਘ ਨਾਰੰਗ ਯੂਕੇ

ਪਹਿਲੀ ਵਾਰ ਨਵੰਬਰ 2000

ਕੁਲ ਪੁਸਤਕਾਂ 3500

ਮੁਲ 50P
Rs.30

ਪ੍ਰਕਾਸ਼ਕ :-

ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਯੂਕੇ
ਤਰਸੇਮ ਸਿੰਘ ਟੈਲੀਫ਼ੂਨ 01902 608306
ਫ਼ੈਕਸ ਨੰਬਰ 01902 608339
**Guru Nanak Parkashan Academy,**
**P.O. Box No 621, Wolverhampton (U.K.)**

# ਮੁੱਢਲੇ ਸ਼ਬਦ -1

ਸਭ ਤੋਂ ਪਹਿਲਾਂ ਮੈਂ ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਵਲੋਂ ਸਾਰੇ ਸਿੱਖ ਜਗਤ ਅਤੇ ਸਮੁੱਚੀ ਮਨੁੱਖਤਾ ਨੂੰ ਜਗਤ ਰਹਿਬਰ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਪੇਸ਼ ਕਰਨ ਦਾ ਮੌਕਾ ਲੈਂਦਾ ਹਾਂ। ਇਹ ਅਕੈਡਮੀ ਪੰਜਾਬੀ ਮਾਂ ਬੋਲੀ ,ਪੰਜਾਬੀ ਸਭਿਆਚਾਰ ਅਤੇ ਸਿੱਖ ਕੌਮ ਨਾਲ ਸਬੰਧਤ ਮਸਲਿਆਂ -ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਲਈ ਪੁਸਤਕਾਂ ਛਪਵਾਉਣ ਦੀ ਨਿਸ਼ਕਾਮ ਸੇਵਾ ਕਰਦੀ ਹੈ। ਇਹ ਨਿਸ਼ਕਾਮ ਸੇਵਾ ਗੁਰੂ ਘਰਾਂ ਤੇ ਵਖ ਵਖ ਸੰਸਥਾਵਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ। ਇਸ ਤੋਂ ਪਹਿਲਾਂ ਪੰਜ ਪੁਸਤਕਾਂ ਪੰਜਾਬੀ ਤੇ ਅੰਗਰੇਜ਼ੀ ਵਿੱਚ ਛਪਵਾ ਕੇ ਵੰਡੀਆਂ ਜਾ ਚੁੱਕੀਆਂ ਹਨ। ਹੱਥਲਾ ਛੇਵਾਂ ਕਿਤਾਬਚਾ ਪੰਜਾਬੀ ਵਿੱਚ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੈ।

ਸਾਹਿਤਕਾਰ ਕੌਮਾਂ ਦੀ ਜਿੰਦ ਜਾਨ ਹੋਇਆ ਕਰਦੇ ਹਨ। ਕਿਸੇ ਕੌਮ ਜਾਂ ਦੇਸ਼ ਦੀ ਉਨਤੀ ਵਿੱਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਹੋਇਆ ਕਰਦਾ ਹੈ। ਕਿਸੇ ਕੌਮ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਕਲਮ ਇਨਕਲਾਬ ਲਿਆ ਸਕਣ ਦੀ ਸ਼ਕਤੀ ਰੱਖਦੀ ਹੈ। ਸ.ਸਰੂਪ ਸਿੰਘ ਨਾਰੰਗ ਉਹਨਾਂ ਸਾਹਿਤਕਾਰਾਂ ਵਿੱਚੋਂ ਹਨ ਜਿਨ੍ਹਾਂ ਨੇ ਸਿੱਖ ਧਰਮ, ਸਿੱਖ ਸਭਿਆਚਾਰ ਅਤੇ ਸਿਆਸਤ 'ਤੇ ਕਈ ਪੁਸਤਕਾਂ ਤੇ ਕਿਤਾਬਚੇ ਲਿਖੇ ਹਨ। ਸਿੱਖ ਮਸਲਿਆਂ ਨੂੰ ਆਪ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਨਿਧੜਕ ਹੋਕੇ ਬਿਆਨਦੇ ਹਨ। ਸਿੱਖ ਸਾਹਿਤ ਵਿੱਚ ਬੜੀ ਦੇਰ ਤੋਂ ਇਕ ਅਜਿਹੇ ਕਿਤਾਬਚੇ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ, ਜੋ ਇਸ ਹਕੀਕਤ ਨੂੰ ਪੇਸ਼ ਕਰੇ ਕਿ ਸਿੱਖ ਕੌਮ ਦਾ ਅਸਲੀ ਦੁਸ਼ਮਣ ਕੌਣ ਹੈ ਅਤੇ ਦੋਸਤ ਕੌਣ। ਸ.ਨਾਰੰਗ ਨੇ ਇਸ ਘਾਟ ਨੂੰ ਪੂਰਾ ਕਰਨ ਦਾ ਬੜਾ ਹੀ ਸਫ਼ਲ ਉਪਰਾਲਾ ਕੀਤਾ ਹੈ। ਮੈਂ ਭਾਈ ਰਸ਼ਪਾਲ ਸਿੰਘ ਫ਼ੌਜੀ ਅਤੇ ਸ.ਅਮਰਜੀਤ ਸਿੰਘ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਖਰੜੇ ਦੀ ਸੁਧਾਈ ਵਿੱਚ ਯੋਗਦਾਨ ਪਾਇਆ ਹੈ।

ਸ.ਨਾਰੰਗ ਪਹਿਲੇ ਸਾਹਿਤਕਾਰ ਹਨ ਜੋ ਪਿਛਲੇ ਸੋਲ੍ਹਾਂ ਸਾਲਾਂ ਤੋਂ ਬ੍ਰਾਹਮਣਵਾਦ ਦੇ ਸਿੱਖ ਨਸਲ ਕੁਸ਼ੀ ਦੇ ਪਲਾਨ ਤੋਂ ਕੌਮ ਨੂੰ ਸੁਚੇਤ ਕਰਨ ਲਈ ਲਿਖਦੇ ਆ ਰਹੇ ਹਨ। ਇਸ ਕਿਤਾਬਚੇ ਦੇ ਅਖ਼ੀਰ 'ਤੇ ਆਰ.ਐਸ.ਐਸ. ਵਲੋਂ ਆਪਣੀਆਂ ਬਰਾਂਚਾਂ ਨੂੰ ਭੇਜੇ ਗੁਪਤ ਪੱਤਰ ਤੋਂ ਉਸ ਸਿੱਖ ਨਸਲਕੁਸ਼ੀ ਦੇ ਪਲਾਨ ਦੀ ਰੂਪ ਰੇਖਾ ਸਾਫ਼ ਵੇਖੀ ਜਾ ਸਕਦੀ ਹੈ। ਮੈਂ ਅਕੈਡਮੀ ਵਲੋਂ ਸ.ਸਰੂਪ ਸਿੰਘ ਨਾਰੰਗ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਥੋੜੇ ਜਿਹੇ ਸਮੇਂ ਵਿੱਚ ਸਾਨੂੰ ਇਹ ਕਿਤਾਬਚਾ ਲਿਖ ਕੇ ਦਿੱਤਾ ਹੈ। ਆਸ ਰੱਖਦਾ ਹਾਂ ਕਿ ਅੱਗੇ ਤੋਂ ਵੀ ਆਪ ਜੀ ਇਸੇ ਤਰ੍ਹਾਂ ਸਹਿਯੋਗ ਦੇਂਦੇ ਰਹਿਣਗੇ।

ਮੈਂ ਜਥੇਦਾਰ ਵਧਾਵਾ ਸਿੰਘ ਬੱਬਰ ਜੀ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕਿਤਾਬਚੇ ਲਈ ਆਪਣੇ ਵਿਚਾਰ ਭੇਜ ਕੇ ਸਾਨੂੰ ਪਿਆਰ ਬਖ਼ਸ਼ਿਆ ਹੈ। ਦਾਸ ਦੀ ਅਰਦਾਸ ਹੈ ਕਿ ਵਾਹਿਗੁਰੂ ਆਪ ਜੀ ਨੂੰ ਸਦਾ ਚੜ੍ਹਦੀ ਕਲਾ ਵਿੱਚ ਰੱਖੇ। ਅੰਤ ਵਿੱਚ ਮੈਂ ਉਹਨਾਂ ਸਭਨਾਂ ਵੀਰਾਂ ਤੇ ਭੈਣਾਂ ਦਾ ਰਿਣੀ ਹਾਂ ਜਿਨ੍ਹਾਂ ਨੇ ਇਸ ਕਿਤਾਬਚੇ ਦੇ ਕੱਢਣ ਵਿੱਚ ਯੋਗਦਾਨ ਪਾਇਆ ਹੈ ਭਾਵੇਂ ਉਹ ਕਿਤਨਾ ਹੀ ਥੋੜਾ ਕਿਉਂ ਨਾ ਹੋਵੇ।

ਭਾਈ ਤਰਸੇਮ ਸਿੰਘ ਵਿਲਨਹਾਲ
ਗੁਰੂ ਨਾਨਕ ਪ੍ਰਕਾਸ਼ਨ ਅਕੈਡਮੀ ਯੂਕੇ

# ਮੁੱਢਲੇ ਸ਼ਬਦ -2

ਸਾਹਿਬ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਮਨੁੱਖਤਾ ਨੂੰ ਬ੍ਰਾਹਮਣਵਾਦ ਦੇ ਜਾਲ ਵਿੱਚੋ ਨਿਕਲ ਕੇ ਗੁਰਮਤਿ ਸਿਧਾਤ ਅਨੁਸਾਰ ਜੀਊਣ ਦੀ ਜੀਵਨ ਜਾਚ ਬਖਸ਼ੀ। ਉਸ ਸਮੇ ਤੋ ਹੀ ਬ੍ਰਾਹਮਣਵਾਦੀ ਸੋਚ ਗੁਰਮਤਿ ਸਿਧਾਤ ਉੱਤੇ ਹਰ ਤਰਾ ਨਾਲ ਮਾਰੂ ਹਮਲੇ ਕਰ ਰਹੀ ਹੈ।। ਸ੍ਰੀ ਗੁਰੂ ਨਾਨਕ ਦੇਵ ਜੀ ਤੋ ਲੈ ਕੇ ਦਸ ਗੁਰੂ ਸਾਹਿਬਾਨਾ ਨੇ ਮਨੁੱਖਤਾ ਨੂੰ ਬ੍ਰਾਹਮਣ ਵੱਲੋ ਫੈਲਾਏ ਫੋਕੇ ਕਰਮ ਕਾਡਾ ਦੀ ਨਿਸ਼ਾਨਦੇਹੀ ਕਰਕੇ ਇੱਕ ਸੱਚੇ ਪ੍ਰਭੂ ਦੀ ਭਗਤੀ ਕਰਨ ਲਈ ਪ੍ਰੇਰਿਆ ਪਰ ਅੱਜ ਦੇ ਭਰਿਸ਼ਟ ਸਿਆਸੀ ਲੀਡਰ ਸਿੱਖ ਕੌਮ ਨੂੰ ਬ੍ਰਾਹਮਣਵਾਦੀਆ ਨਾਲ ਭਾਈਚਾਰਕ ਸਾਝ ਦੇ ਰਸਤੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹਾ ਕਰਕੇ ਉਹ ਬ੍ਰਾਹਮਣਵਾਦ ਦੇ ਅਧੀਨ ਰੱਖਣਾ ਚਾਹੁੰਦੇ ਹਨ। ਸਿੱਖ ਕੌਮ ਅਤੇ ਬ੍ਰਾਹਮਣਵਾਦੀ ਵਿਚਾਰਧਾਰਾ ਵਿੱਚ ਬਹੁਤ ਡੂੰਘਾ ਵਿਚਾਰਧਾਰਕ ਵਖਰੇਵਾ ਹੈ। ਬਿਪਰਨ ਕੀ ਰੀਤ ਅਤੇ ਗੁਰਮਤਿ ਦਾ ਕੋਈ ਦੂਰ ਦਾ ਵੀ ਸਬੰਧ ਨਹੀ ਹੈ। ਜਿਹੜੀਆ ਕੌਮਾ ਆਪਣੇ ਦੁਸ਼ਮਣ ਦੀ ਸਹੀ ਪਛਾਣ ਕਰਕੇ, ਉਸ ਤੋ ਸੁਚੇਤ ਹੋ ਕੇ ਨਹੀ ਚਲਦੀਆ, ਉਹ ਕਦੇ ਵੀ ਸਥਿਰ ਨਹੀ ਰਹਿੰਦੀਆ। ਆਖਿਰ ਨੂੰ ਆਪਣੇ ਦੁਸ਼ਮਣ ਦੀਆ ਗੁੱਝੀਆ ਚਾਲਾ ਦੇ ਵਿਛਾਏ ਜਾਲ ਤਹਿਤ ਜਾ ਤਾ ਗੁਲਾਮੀ ਦੀਆ ਬੇੜੀਆ ਪੁਆ ਲੈਦੀਆ ਹਨ ਅਤੇ ਜਾ ਫਿਰ ਦੁਨੀਆ ਦੇ ਇਤਿਹਾਸਕ ਨਕਸ਼ੇ ਤੋ ਨੇਸਤੋ ਨਾਬੂਦ ਹੋ ਜਾਦੀਆ ਹਨ। ਇਸ ਲਈ ਸਾਨੂੰ ਆਪਣੇ ਅਸਲੀ ਦੁਸ਼ਮਣ ਬ੍ਰਾਹਮਣਵਾਦ, ਅਤੇ ਉਸ ਦੀ ਗੁੱਝੀਆ ਅਤੇ ਭਿਆਨਕ ਚਾਲਾ ਤੋ ਬਚਣਾ ਚਾਹੀਦਾ ਹੈ।

ਸ੍ਰ: ਸਰੂਪ ਸਿੰਘ ਨਾਰੰਗ ਨੇ ਹਥਲੇ ਕਿਤਾਬਚੇ ਵਿੱਚ ਜਿਸ ਤਰਾ ਖੋਜ ਕਰਕੇ ਸੁਚੱਜੇ ਢੰਗ ਨਾਲ ਸਪੱਸ਼ਟ ਰੂਪ ਵਿੱਚ ਨਿਖਾਰ ਕੇ ਸਿੱਖ ਕੌਮ ਦੇ ਅਸਲੀ ਦੁਸ਼ਮਣ ਬ੍ਰਾਹਮਣ ਦੀ ਪਛਾਣ ਕਰਾਈ ਹੈ, ਉਹ ਬਹੁਤ ਹੀ ਸਲਾਹੁਣਯੋਗ ਹੈ। ਕਿਸੇ ਵੀ ਕੌਮ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਉਸ ਦੇ ਲਿਖਾਰੀਆ ਦਾ ਬਹੁਤ ਵੱਡਾ ਯੋਗਦਾਨ ਹੋਇਆ ਕਰਦਾ ਹੈ। ਜਿਹੜੀਆ ਕਲਮਾ ਦੁਸ਼ਮਣ ਦੇ ਡਰ ਜਾ ਕਿਸੇ ਲਾਲਚ ਵੱਸ ਹੋ ਕੇ ਆਪਣਾ ਰੁੱਖ ਬਦਲ ਲੈਦੀਆ ਹਨ ਉਹ ਇਤਿਹਾਸ ਦੀ ਦੇਣਦਾਰ ਹੋਇਆ ਕਰਦੀਆ ਹਨ ਅਤੇ ਜਿਹੜੀਆ ਕਲਮਾ ਨਿਡਰ ਹੋ ਕੇ ਕੌਮਾ ਨੂੰ ਸਹੀ ਸੇਧ ਦਿੰਦੀਆ ਹਨ, ਉਹ ਇਤਿਹਾਸ ਦੀ ਸਿਰਜਣਾ ਦਾ ਪ੍ਰੇਰਨਾ ਸਰੋਤ ਬਣਦੀਆ ਹਨ। ਸਰਦਾਰ ਸਰੂਪ ਸਿੰਘ ਨਾਰੰਗ ਦੀ ਲੇਖਣੀ ਵਿੱਚ ਸਪੱਸ਼ਟਤਾ ਦੇ ਨਾਲ ਨਾਲ ਜੁਰਅਤਮੰਦੀ ਸਾਫ ਨਜ਼ਰ ਆਉਦੀ ਹੈ।

ਦਾਸ ਸਮੁੱਚੀ ਸਿੱਖ ਕੌਮ ਨੂੰ ਅਪੀਲ ਕਰਦਾ ਹੈ ਕਿ ਆਪਣੇ ਅਸਲੀ ਦੁਸ਼ਮਣ ਬ੍ਰਾਹਮਣ ਨਾਲ ਨਜਿੱਠਣ ਦਾ ਇਹੀ ਤਰੀਕਾ ਹੈ, ਗੁਰਮਤਿ ਦੇ ਸਿਧਾਤ ਤੇ ਪਹਿਰਾ ਦੇਣਾ ਅਤੇ ਗੁਰਮਤਿ ਦੇ ਸਿਧਾਤ ਉੱਤੇ ਹੋਣ ਵਾਲੇ ਹਰ ਹਮਲੇ ਦਾ ਡਟ ਕੇ ਮੁਕਾਬਲਾ ਕਰਨਾ। ਇਸ ਲਈ ਆਓ ! ਆਪਾ ਰੋਜ਼ ਰੋਜ਼ ਸਿੱਖੀ ਉੱਤੇ ਹੁੰਦੇ ਹਮਲਿਆ ਨੂੰ ਖਤਮ ਕਰਨ ਲਈ ਹੰਭਲਾ ਮਾਰੀਏ ਅਤੇ ਆਪਣਾ ਅਜ਼ਾਦ ਦੇਸ਼ ਖਾਲਿਸਤਾਨ ਪ੍ਰਾਪਤ ਕਰਕੇ ਸਿੱਖੀ ਸਿਧਾਤ ਅਨੁਸਾਰ ਸਵੈਮਾਣ ਵਾਲਾ ਜੀਵਨ ਜੀ ਸਕੀਏ।

ਦਾਸਰਾ

ਵਧਾਵਾ ਸਿੰਘ ਬੱਬਰ

ਮੁੱਖ ਸੇਵਾਦਾਰ, ਬੱਬਰ ਖਾਲਸਾ ਇੰਟਰਨੈਸ਼ਨਲ

# ਸਿੱਖ ਕੌਮ ਦਾ ਅਸਲੀ ਦੁਸ਼ਮਣ ਕੌਣ ?

ਜੇ ਸੰਨ 1947 ਵਿੱਚ ਸਿਖ ਲੀਡਰਾਂ ਮੁਸਲਮਾਨ ਲੀਡਰਾਂ ਵਾਂਗ ਸੂਝ-ਬੂਝ, ਦੂਰਦ੍ਰਿਸ਼ਟੀ ਅਤੇ ਦ੍ਰਿੜਤਾ ਤੋਂ ਕੰਮ ਲਿਆ ਹੁੰਦਾ ਅਤੇ ਗੁਰੂ ਨਾਨਕ ਸਾਹਿਬ ਦੇ ਮਹਾਨ ਵਾਕ 'ਵਖਤੁ ਵਿਚਾਰੇ ਸੁ ਬੰਦਾ ਹੋਇ' ਵਿਚਲੇ ਸੱਚ ਦੇ ਰਾਜ਼ ਨੂੰ ਪਛਾਣਿਆ ਹੁੰਦਾ, ਤਾਂ ਅੱਜ ਸਾਡੀ ਇਹ ਦੁਰਦੱਸ਼ਾ ਨਾ ਹੋਈ ਹੁੰਦੀ। ਜਦ ਸਿਖ ਕੌਮ ਦੀ ਤਕਦੀਰ ਘੜੀ ਜਾ ਰਹੀ ਸੀ, ਜਦ ਲੋਹਾ ਗਰਮ ਸੀ, ਗਰਮ ਲੋਹੇ 'ਤੇ ਹੋਸ਼ ਦੀ ਰਾਜਨੀਤਕ ਸੱਟ ਮਾਰਨ ਦਾ ਜਦ ਵੇਲਾ ਸੀ, ਤਾਂ ਉਦੋਂ (ਹਿੰਦੂ ਤੋਂ ਬਣੇ) ਸਿਖ ਲੀਡਰ ਮਾਸਟਰ ਤਾਰਾ ਸਿੰਘ ਨੇ ਬ੍ਰਾਹਮਣ-ਬਾਣੀਏ ਨੂੰ ਸਿਖ ਕੌਮ ਦਾ ਦੋਸਤ ਚੁਣਿਆ ਸੀ। ਆਓ, ਬ੍ਰਾਹਮਣਵਾਦ ਦੇ ਖ਼ਾਸੇ, ਉਸ ਦੇ ਇਤਿਹਾਸ ਅਤੇ ਉਸ ਦੇ ਕਿਰਦਾਰ 'ਤੇ ਇਕ ਪੰਛੀ ਝਾਤ ਮਾਰ ਕੇ ਵੇਖੀਏ ਕਿ ਉਹ ਕਿਹੋ ਜਿਹਾ ਦੋਸਤ ਨਿਕਲਿਆ?

ਕਿਸੇ ਕੌਮ ਦੇ ਖ਼ਾਸੇ ਨੂੰ ਜਾਣਨ ਲਈ, ਉਸ ਕੌਮ ਦੇ ਇਤਿਹਾਸਕ ਪਿਛੋਕੜ 'ਤੇ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ ਕਿਉਂਕਿ ਇਤਿਹਾਸ ਇੱਕ ਅਜਿਹਾ ਦਰਪਣ ਹੈ ਜਿਸ ਵਿੱਚੋਂ ਕਿਸੇ ਕੌਮ ਦਾ ਅੱਗਾ-ਪਿੱਛਾ ਵੇਖਿਆ ਜਾ ਸਕਦਾ ਹੈ, ਜਾਂਚਿਆ ਜਾ ਸਕਦਾ ਹੈ ਅਤੇ ਉਸ ਕੌਮ ਦੀ ਸਹੀ ਤੇ ਮੁਕੰਮਲ ਤਸਵੀਰ ਦਾ ਅਕਸ ਵੇਖਿਆ ਜਾ ਸਕਦਾ ਹੈ। ਇਤਿਹਾਸ ਕਿਸੇ ਕੌਮ ਦੇ ਕਾਰਨਾਮਿਆਂ, ਗੁਣਾਂ, ਖ਼ੂਬੀਆਂ, ਕਮਜ਼ੋਰੀਆਂ ਜਾਂ ਘਾਟਿਆਂ ਦਾ ਵਿਸਥਾਰ ਹੀ ਤਾਂ ਹੁੰਦਾ ਹੈ। ਜਿਹੋ ਜਿਹਾ ਇਤਿਹਾਸਕ ਪਿਛੋਕੜ ਅਤੇ ਜੋ ਕੁਝ ਕੋਈ ਕੌਮ ਪਿੱਛੇ ਕਰ ਚੁੱਕੀ ਹੈ ਜਾਂ ਕਰਦੀ ਆਈ ਹੈ, ਘਟ ਜਾਂ ਵੱਧ ਮਾਤਰਾ ਵਿੱਚ, ਉਹੋ ਕੁਝ ਹੀ ਉਹ ਅੱਗੇ ਨੂੰ ਕਰਦੀ ਹੈ। ਇਸੇ ਕਰਕੇ ਹੀ ਇਹ ਹਕੀਕਤ ਪ੍ਰਸਿਧ ਹੈ, ਕਿ ਇਤਿਹਾਸ ਮੁੜ ਮੁੜ ਆਪ ਨੂੰ ਦੁਹਰਾਇਆ ਕਰਦਾ ਹੈ ਅਤੇ ਇਸੇ ਕਰਕੇ ਹੀ ਇਤਿਹਾਸ ਕੌਮਾਂ ਦੀ ਜਿੰਦ ਜਾਨ ਸਮਝਿਆ ਜਾਂਦਾ ਹੈ। ਜਿਸ ਹਿੰਦੂ ਕੌਮ ਨੂੰ ਸਾਡੇ ਉਸ ਵਕਤ ਦੇ ਸਿਖ ਲੀਡਰਾਂ ਆਪਣਾ ਦੋਸਤ ਚੁਣਿਆ, ਆਓ, ਉਸ ਹਿੰਦੂ ਕੌਮ ਦੇ ਖ਼ਾਸੇ ਸਬੰਧੀ ਕੁਝ ਵਿਚਾਰ ਕਰੀਏ।

ਹਰ ਕੌਮ ਅੰਦਰ ਕੁਝ ਵਿਸ਼ੇਸ਼ ਖ਼ਾਸੇ ਹੁੰਦੇ ਹਨ, ਵਿਸ਼ੇਸ਼ ਗੁਣ-ਔਗੁਣ ਹੁੰਦੇ ਹਨ ਜਾਂ ਕੁਝ ਵਿਸ਼ੇਸ਼ ਖ਼ੂਬੀਆਂ ਕਮਜ਼ੋਰੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਉਹ ਕੌਮ ਜਾਣੀ ਜਾਂਦੀ ਹੈ। ਹਿੰਦੂ ਕੌਮ ਦਾ ਸਾਰਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਆਪਣਾ ਮਤਲਬ ਕੱਢਣ ਲਈ ਜਾਂ ਮੌਕਾ ਟਪਾਉਣ ਲਈ ਹਿੰਦੂ ਕੁਝ ਵੀ ਕਰ ਸਕਦਾ ਹੈ। ਆਪਣੇ ਫ਼ਾਇਦੇ ਲਈ ਸਹੁੰਆਂ-ਸੁਗੰਦਾਂ ਖਾ ਲੈਣੀਆਂ ਕੋਈ ਨਵੀਂ ਗੱਲ

ਨਹੀਂ, ਇਤਿਹਾਸ ਭਰਿਆ ਪਿਆ ਹੈ ਅਜਿਹੇ ਪਰਮਾਣਾਂ ਨਾਲ। ਦਿਲ ਵਿੱਚ ਹੋਰ, ਕਹਿਣਾ ਹੋਰ ਅਤੇ ਕਰਣਾ ਕੁਝ ਹੋਰ ਹਿੰਦੂ ਕਿਰਦਾਰ ਦਾ ਖਾਸਾ ਹੈ ਅਤੇ ਇਸ ਦਾ ਇਹ ਖ਼ਾਸਾ, 'ਹਾਥੀ ਦੇ ਖਾਣ ਦੇ ਦੰਦ ਹੋਰ ਤੇ ਵਿਖਾਉਣ ਦੇ ਹੋਰ' ਦੀ ਪ੍ਰਸਿਧ ਕਹਾਵਤ ਤੇ ਬਿਲਕੁਲ ਪੂਰਾ ਉਤਰਦਾ ਹੈ। ਨਹਿਰੂ ਵਰਗੇ ਚਾਤੁਰ ਸਿਆਸਤਦਾਨ ਹਮੇਸ਼ਾ ਇਸ ਵਿਚਾਰ ਦੇ ਧਾਰਨੀ ਰਹੇ ਕਿ ਸੱਚ ਕਦੀ ਸਪਸ਼ਟ ਬੋਲਣਾ ਨਹੀਂ, ਧੋਖਾ ਦੇ ਸਕਣ ਅਤੇ ਵਿਸ਼ਵਾਸਘਾਤ ਕਰਨ ਦੇ ਸਾਰੇ ਰਾਹ ਖੁਲ੍ਹੇ ਰੱਖਣੇ ਹਨ। ਅਜ਼ਾਦੀ ਤੋਂ ਪਹਿਲਾਂ; ਇਕ ਵਾਰ ਸੈਂਟਰਲ ਅਸੈਂਬਲੀ ਦਿੱਲੀ ਵਿੱਚ ਬੋਲਦਿਆਂ, ਜਵਾਹਰ ਲਾਲ ਨਹਿਰੂ ਨੇ ਬੜੇ ਫ਼ਖ਼ਰ ਨਾਲ ਹੇਠ ਲਿਖੇ ਸ਼ਬਦ ਕਹੇ, ਜਿਨ੍ਹਾਂ ਤੋਂ ਸਪਸ਼ਟ ਹੈ ਕਿ ਧੋਖਾ ਦੇਣਾ, ਝੂਠ ਬੋਲਣਾ ਅਤੇ ਵਾਅਦੇ ਤੋਂ ਮੁਕਰਨ ਦੇ ਰਾਹ ਖੁਲ੍ਹੇ ਰੱਖਣ ਵਿੱਚ ਨਿਪੁੰਨ ਹੋਣਾ ਹੀ ਇਕ ਸਫ਼ਲ ਸਿਆਸਤਦਾਨ ਹੋਣਾ ਹੈ -

ਬਾਤ ਵੁਹ ਕਹੀਏ ਕਿ ਜਿਸ ਕੇ ਸੌ ਪਹਿਲੂ ਹੋਂ,
ਕੋਈ ਪਹਿਲੂ ਤੋ ਰਹੇ ਬਾਤ ਬਦਲਨੇ ਕੇ ਲੀਏ ।

ਮਿੱਠੇ ਬਣਕੇ, ਆਪਣੇ ਬਣਕੇ, ਡੰਡੀ ਨੂੰ ਠੂੰਗਾ ਮਾਰਕੇ ਘੱਟ ਤੋਲਣ ਨੂੰ ਹਿੰਦੂ ਜਗਤ ਵਿੱਚ ਸਫ਼ਲ ਵਪਾਰਕ ਜੁਗਤੀ ਸਮਝੀ ਜਾਂਦੀ ਹੈ। 'ਮੂੰਹ ਵਿੱਚ ਰਾਮ ਰਾਮ ਤੇ ਬਗ਼ਲ ਵਿੱਚ ਛੁਰੀ' ਦਾ ਅਖਾਣ ਸ਼ਾਇਦ ਹਿੰਦੂ ਦੇ ਇਸੇ ਖਾਸੇ 'ਤੇ ਹੀ ਨਿਰਧਾਰਿਤ ਹੋਇਆ ਜਾਪਦਾ ਹੈ। ਹਿੰਦੂ ਸਿਆਸਤ ਦਾ ਆਧਾਰ ਚਾਣਕੀਆ ਨੀਤੀ ਹੈ। ਦੁਸ਼ਮਣ ਨੂੰ ਧੋਖੇ ਨਾਲ ਮਾਰਨਾ ਇਸ ਨੀਤੀ ਦਾ ਖ਼ਾਸਾ ਹੈ। ਆਪਣੇ ਵਿਰੋਧੀ ਨੂੰ ਖ਼ਤਮ ਕਰਨ ਲਈ ਹਿੰਦੂ ਨੀਤੀਕਾਰ ਚਾਣਕਿਆ ਨੇ ਦੰਡ, ਦਾਮ, ਸਾਮ ਅਤੇ ਭੇਦ ਦੇ ਚਾਰ ਹਥਿਆਰ ਵਰਤਣ ਦੀਆਂ ਜੁਗਤੀਆਂ ਦੱਸੀਆਂ ਹਨ। ਆਪਣੇ ਦੁਸ਼ਮਣ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣੀ, ਵਿਰੋਧੀ ਨੂੰ ਧਨ ਦੇ ਜ਼ੋਰ ਨਾਲ ਖ਼ਰੀਦ ਲੈਣਾ, ਲੋੜ ਪੈਣ ਤੇ ਗਧੇ ਨੂੰ ਵੀ ਬਾਪੂ ਕਹਿ ਕੇ ਜਾਨ ਛੁੜਾ ਲੈਣੀ, ਅੰਦਰੋਂ ਸੰਨ ਲਾਉਣੀ, ਬੁਕੱਲ ਦਾ ਸੱਪ ਬਣ ਕੇ ਡੰਗਣਾ ਅਤੇ ਧੋਖੇ ਨਾਲ ਵਾਰ ਕਰ ਕੇ ਵਿਰੋਧੀ ਨੂੰ ਮਾਰ ਮੁਕਾਣਾ ਇਸ ਨੀਤੀ ਦਾ ਧੁਰਾ ਹੈ। ਦੂਜਿਆਂ ਦੀ ਕਮਾਈ ਉਤੇ ਪਲਣਾ ਹੈ ਅਤੇ ਜਿਸ ਥਾਲੀ ਵਿੱਚ ਖਾਣਾ ਹੈ, ਉਸ ਵਿੱਚ ਹੀ ਛੇਦ ਕਰਨਾ ਹੈ। ਜਿਸ ਨੇ ਵੀ ਅੱਜ ਤਕ ਬ੍ਰਾਹਮਣਵਾਦ 'ਤੇ ਇਤਬਾਰ ਕੀਤਾ ਹੈ, ਉਸ ਨਾਲ ਹੀ ਇਸ ਨੇ ਵਿਸ਼ਵਾਸਘਾਤ ਕੀਤਾ ਹੈ। ਜਿਸ ਦਾ ਵੀ ਇਸ ਨੇ ਖਾਧਾ, ਉਸੇ ਦਾ ਨਮਕ ਹਰਾਮ ਕੀਤਾ ਹੈ। ਇਹ ਹਿੰਦੂ ਸੁਨਹਿਰੀ ਇਤਿਹਾਸ ਦਾ ਹਿੱਸਾ ਹੈ।

ਬ੍ਰਾਹਮਣਵਾਦ ਦੀ ਸੋਚ ਹਜ਼ਾਰਾਂ ਸਾਲਾਂ ਦੀ ਪੁਰਾਣੀ ਤੇ ਗਲੀ-ਸੜੀ ਵਿਚਾਰਧਾਰਕ ਸੋਚ ਹੈ, ਜਿਹੜੀ ਦੁਨੀਆ ਭਰ ਵਿੱਚ ਨਕਾਰੀ ਜਾ ਚੁੱਕੀ ਹੈ। ਇਹ ਮਨੁੱਖਤਾ ਅੰਦਰ ਵਖਰੇਵੇਂ ਤੇ ਵੰਡੀਆਂ ਪਾਉਣ ਵਾਲਾ ਬੜਾ ਖ਼ਤਰਨਾਕ ਪੁਰਾਣਾ

ਫ਼ਲਸਫ਼ਾ ਹੈ ਅਤੇ ਨਾਜ਼ੀਵਾਦ ਵਾਂਗ ਨਸਲਵਾਦ ਤੇ ਪਸਾਰਵਾਦ ਦਾ ਧਾਰਨੀ ਹੈ ਅਤੇ ਇਹ ਫ਼ਲਸਫ਼ਾ ਮਨੁੱਖ ਵਿਰੋਧੀ ਹੈ। ਮਨੁੱਖੀ ਨਸਲ ਨਾਲ ਜਿਤਨੀ ਬੇਇਨਸਾਫ਼ੀ, ਜਿਤਨਾ ਦੁਰਵਿਵਹਾਰ, ਜਿਤਨਾ ਅਨਰਥ, ਜਿਤਨੇ ਜ਼ੁਲਮ ਅਤੇ ਜਿਤਨੇ ਅਤਿਆਚਾਰ ਇਸ ਫ਼ਲਸਫ਼ੇ ਨੇ ਕੀਤੇ, ਉਤਨੇ ਅਜ ਤਕ ਦੇ ਸਾਰੇ ਜ਼ਾਲਮ ਡਿਕਟੇਟਰਾਂ ਨੇ ਵੀ ਨਹੀਂ ਕੀਤੇ ਹੋਣੇ। ਉਹ ਡਿਕਟੇਟਰ ਤਾਂ ਸਮੇਂ-ਸਮੇਂ ਆਉਂਦੇ ਰਹੇ, ਕੁਝ ਸਾਲ ਜ਼ੁਲਮ ਕਰਕੇ ਖ਼ਤਮ ਹੋ ਜਾਂਦੇ ਰਹੇ ਪਰੰਤੂ ਬ੍ਰਾਹਮਣਵਾਦੀ ਫ਼ਲਸਫ਼ੇ ਦੇ ਅਨਰਥ ਤਾਂ ਹਜ਼ਾਰਾਂ ਸਾਲਾਂ ਤੋਂ ਕਰੋੜਾਂ ਮਨੁੱਖ ਹੰਢਾਉਂਦੇ ਆ ਰਹੇ ਹਨ ਅਤੇ ਅੱਜ ਵੀ ਹੰਢਾ ਰਹੇ ਹਨ। ਬ੍ਰਾਹਮਣਵਾਦ ਦੀ ਇਸ ਬੀਮਾਰ ਸੋਚ ਨੇ ਹੀ ਭਾਰਤੀਆਂ ਵਿੱਚੋਂ ਸ੍ਵੈ-ਵਿਸ਼ਵਾਸ, ਸ੍ਵੈ-ਮਾਣ ਅਤੇ ਅਜ਼ਾਦੀ ਦੀ ਸਪਿਰਿਟ ਨੂੰ ਖ਼ਤਮ ਕੀਤਾ ਸੀ। ਡ. ਅੰਬੇਦਕਰ ਦਾ ਕਥਨ ਹੈ ਕਿ ਡਾਕੂ ਮਾਲ-ਅਸਬਾਬ ਲੁੱਟਦਾ ਹੈ, ਬਾਣੀਆ ਧੋਖਾ ਦੇਕੇ ਸੰਪਤੀ ਖੋਂਹਦਾ ਹੈ, ਪਰ ਬ੍ਰਾਹਮਣ ਤਾਂ ਮਨੁੱਖ ਦੀ ਅਕਲ, ਜ਼ਮੀਰ ਤੇ ਸੋਚ-ਸ਼ਕਤੀ ਨੂੰ ਹੀ ਲੁਟ ਲੈਂਦਾ ਹੈ।

ਯਹੂਦੀਆਂ ਨੂੰ ਖ਼ਤਮ ਕਰ ਦੇਣ ਦੇ ਸਮਰਥਕ ਜਰਮਨ ਫ਼ਿਲਾਸਫ਼ਰ ਨੀਟਸ਼ੇ ਨੇ ਲਿਖਿਆ ਹੈ ਕਿ ਫ਼ਾਸ਼ੀਵਾਦ ਦੀ ਥਿਊਰੀ ਉਸ ਨੇ ਮਨੂਵਾਦ ਕੋਲੋਂ ਹੀ ਲਈ ਸੀ। ਮਨੂਵਾਦ ਦੀ ਫ਼ਿਲਾਸਫ਼ੀ ਨੇ ਹੀ ਹਿਟਲਰ ਨੂੰ ਤਬਾਹੀ ਦੇ ਰਾਹੇ ਪਾਇਆ ਸੀ। ਹੁਣ ਬ੍ਰਾਹਮਣਵਾਦ ਆਪ ਵੀ ਨਾਜ਼ੀ ਹਿਟਲਰ ਦੇ ਨਕਸ਼ੇ ਕਦਮ 'ਤੇ ਹੀ ਚਲ ਰਿਹਾ ਹੈ। ਇਸ ਦਾ ਧਾਰਮਿਕ ਨਿਸ਼ਾਨ ਅਤੇ ਨਾਜ਼ੀ ਜਰਮਨੀ ਦਾ ਨਿਸ਼ਾਨ ਵੀ ਇਕੋ ਹੈ। ਇਸ ਦੀ ਵਰਨ ਵੰਡ ਦੀ ਮਨੂਵਾਦੀ ਸੋਚ ਵੀ ਨਾਜ਼ੀ ਸੋਚ ਨਾਲ ਮੇਲ ਖਾਂਦੀ ਹੈ। ਇਸ ਸੋਚ ਮੁਤਾਬਕ ਆਪਣੇ ਆਪ ਨੂੰ ਇਹ ਸਭ ਤੋਂ ਸ੍ਰੇਸ਼ਟ, ਰੱਬ ਵਲੋਂ ਸਭ ਉਤੇ ਰਾਜ ਕਰਨ ਯੋਗ ਅਤੇ ਸਭ ਨੂੰ ਜੀਵਨ ਰਾਹ ਵਿਖਾਣ ਵਾਲਾ ਸਮਝਦਾ ਹੈ ਅਤੇ ਬਾਕੀ ਸਭ ਨੂੰ ਘਟੀਆ ਸਮਝ ਕੇ ਉਹਨਾਂ ਨਾਲ ਗ਼ੁਲਾਮਾਂ ਤੇ ਪਸ਼ੂਆਂ ਵਾਲਾ ਸਲੂਕ ਕਰਦਾ ਹੈ। ਜਿਵੇਂ ਹਿਟਲਰ ਨੇ ਸ੍ਰੇਸ਼ਟ ਜਰਮਨ ਕੌਮ ਦੇ ਸਾਰੀ ਦੁਨੀਆ ਉਤੇ ਰਾਜ ਕਰਨ ਦੇ ਸੁਪਨੇ ਲਏ ਸਨ, ਤਿਵੇਂ ਹੀ ਬ੍ਰਾਹਮਣਵਾਦ ਬਾਕੀ ਸਭ ਕੌਮਾਂ ਨੂੰ ਮਿਟਾ ਦੇਣਾ ਚਾਹੁੰਦਾ ਹੈ ਅਤੇ ਸਾਰੇ ਭਾਰਤੀ ਉਪ ਮਹਾਂਦੀਪ ਤੇ ਹਿੰਦੂ ਰਾਜ ਸਥਾਪਤ ਕਰਨ ਦੇ ਸੁਪਨੇ ਲੈ ਰਿਹਾ ਹੈ।

ਇਹ ਫ਼ਾਸ਼ੀ ਬ੍ਰਾਹਮਣਵਾਦ ਭਾਰਤ ਨੂੰ ਅਖੰਡ ਕਰਨ ਦੀ ਧੁਨ ਵਿੱਚ ਹੈ। ਹਿਟਲਰ ਨੇ ਵੀ ਸੱਤਾ ਹਥਿਆਉਣ ਮਗਰੋਂ ਜਰਮਨ ਕੌਮ ਦੀ ਉਤੱਮਤਾ ਦਾ ਨਾਅਰਾ ਮਾਰਿਆ ਸੀ। ਹਿਟਲਰ ਕਹਿੰਦਾ ਹੁੰਦਾ ਸੀ ਕਿ ਯਹੂਦੀ ਵਰਗੀਆਂ ਕੌਮਾਂ ਨਾਲ ਰਾਸ਼ਟਰ ਦੀ ਨਸਲੀ ਪਵਿਤਰਤਾ ਵਿੱਚ ਮਿਲਾਵਟ ਪੈਦਾ ਹੋ ਜਾਂਦੀ ਹੈ। ਜਰਮਨ ਕੌਮ ਦੀ ਉਤੱਮਤਾ ਤੇ ਸ਼ੁਧੀ ਨੂੰ ਕਾਇਮ ਰੱਖਣ ਲਈ ਉਸ ਨਾ ਕੇਵਲ ਸੱਠ ਲੱਖ ਦੇ ਕਰੀਬ ਯਹੂਦੀਆਂ ਨੂੰ ਹੀ ਅਣਮਨੁੱਖੀ ਢੰਗ ਨਾਲ ਮਾਰ ਮੁਕਾਇਆ ਸੀ, ਸਗੋਂ ਲੱਖਾਂ ਜਿਪਸੀਆਂ ਨੂੰ ਵੀ ਖ਼ਤਮ ਕਰਵਾਇਆ ਸੀ। ਅਜ ਹਿੰਦੂ ਮੂਲਵਾਦੀ ਸਿੱਖਾਂ ਨਾਲ ਉਹੋ ਸਲੂਕ ਕਰ

ਰਹੇ ਹਨ, ਜੋ ਹਿਟਲਰ ਨੇ ਯਹੂਦੀਆਂ ਨਾਲ ਕੀਤਾ ਸੀ। ਅੱਠਤਰ ਦੀ ਖ਼ੂਨੀ ਵਿਸਾਖੀ ਤੋਂ ਜੋ ਕੁਝ ਸਿੱਖਾਂ ਨਾਲ ਹੋ ਰਿਹਾ ਹੈ, ਉਹ ਕਿਸੇ ਤੋਂ ਛੁਪਿਆ ਨਹੀਂ।

ਸਿੱਖ ਲੀਡਰਾਂ, ਤਿਲਕ-ਧੋਤੀਆਂ ਸਜਾਉਣ ਵਾਲੇ ਬ੍ਰਾਹਮਣਵਾਦੀ ਕਿਰਦਾਰ ਨੂੰ ਸਮਝਣ ਵਿੱਚ ਨਾ ਗੁਰੂ ਨਾਨਕ ਸਾਹਿਬ ਦੇ 'ਮਥੈ ਟਿਕਾ ਤੇੜਿ ਧੋਤੀ ਕਖਾਈ॥ ਹਥਿ ਛੁਰੀ ਜਗਤ ਕਾਸਾਈ॥' ਦੇ ਫ਼ੁਰਮਾਨ ਤੋਂ ਕੋਈ ਸਬਕ ਨਹੀਂ ਸਿਖਿਆ, ਨਾ ਗੁਰੂ ਅਰਜਨ ਸਾਹਿਬ ਦੇ 'ਨਾ ਹਮ ਹਿੰਦੂ ਨ ਮੁਸਲਮਾਨ' ਦੇ ਹੁਕਮ ਦੀ ਪ੍ਰਵਾਹ ਕੀਤੀ ਅਤੇ ਨਾ ਹੀਂ ਬ੍ਰਾਹਮਣਵਾਦ ਦੇ ਇਤਿਹਾਸਕ ਕਾਲੇ ਕਾਰਿਆਂ ਤੋਂ ਸਬਕ ਸਿੱਖਿਆ, ਸਗੋਂ ਤਿਲਕਧਾਰੀ ਮਨੂਵਾਦੀ ਠੱਗਾਂ ਨਾਲ ਰੋਟੀ-ਬੇਟੀ ਦੀਆਂ ਸਾਂਝਾਂ ਦੱਸਣ ਦੇ ਸਾਂਗ ਰਚਾਏ।

ਬ੍ਰਾਹਮਣਵਾਦੀ ਕਿਰਦਾਰ ਸਬੰਧੀ ਜੋ ਨਿਰਨਾ ਗੁਰੂ ਨਾਨਕ ਸਾਹਿਬ ਨੇ ਦਿੱਤਾ, ਉਹਦਾ ਅੱਖਰ ਅੱਖਰ ਸਦੀਵੀ ਸੱਚ ਹੋਕੇ ਸਾਡੇ ਸਾਹਮਣੇ ਆ ਰਿਹਾ ਹੈ। ਆਪ ਜੀ ਨੇ ਬ੍ਰਾਹਮਣ ਦੇ ਅਸਲੀ ਕਿਰਦਾਰ ਨੂੰ ਬੇ-ਨਕਾਬ ਕਰਦਿਆਂ ਫ਼ੁਰਮਾਇਆ ਸੀ ਕਿ ਦੂਹਰੀਆਂ ਤੀਹਰੀਆਂ ਧੋਤੀਆਂ ਸਜਾ, ਤਿਲਕ ਲਾ, ਗਲ ਵਿੱਚ ਮਾਲਾ ਪਾਈ ਬੈਠੇ ਬ੍ਰਾਹਮਣ ਧਰਮੀ ਦੇਵਤੇ ਨਹੀਂ ਸਨ, ਸਗੋਂ ਜਗਤ ਠੱਗ ਸਨ, ਜਗਤ ਲੋਟੂ ਸਨ ਅਤੇ ਜਗਤ ਕਸਾਈ ਸਨ। ਬਾਹਰੋਂ ਚਾਹੇ ਉਹ ਧਰਮੀ, ਭਜਨੀਕ, ਨੇਕ ਅਤੇ ਮੂੰਹ ਦੇ ਮਿੱਠੇ ਦਿਸਦੇ ਸਨ ਪਰੰਤੂ ਅੰਦਰੋਂ ਦਿਲ ਦੇ ਖੋਟੇ, ਕਠੋਰ-ਚਿਤ, ਗੰਦ ਦੇ ਪੂਰੇ ਤੇ ਪੱਕੇ, ਖ਼ੁਦਗਰਜ਼ ਅਤੇ ਜਗਤ ਕਸਾਈ ਸਨ। ਜਿਨ੍ਹਾਂ ਨੂੰ ਮਲੇਛ ਆਖਦੇ ਰਹੇ, ਉਹਨਾਂ ਦੀ ਹੀ ਬੋਲੀ ਬੋਲਣ ਵਿੱਚ ਫ਼ਖ਼ਰ ਕਰਦੇ ਰਹੇ, ਉਹਨਾਂ ਦੇ ਹੀ ਪਹਿਰਾਵੇ ਪਹਿਨਦੇ ਰਹੇ ਅਤੇ ਧੀਆਂ ਭੈਣਾਂ ਦੇ ਡੋਲੇ ਦੇਂਦੇ ਰਹੇ। ਜਿਨ੍ਹਾਂ ਨੂੰ ਨੀਵੀਂ ਜਾਤ ਆਖਦੇ ਰਹੇ, ਉਹਨਾਂ ਦੀ ਹੀ ਕਮਾਈ ਨਾਲ ਢਿੱਡ ਭਰਦੇ ਰਹੇ ਅਤੇ ਉਹਨਾਂ ਦਾ ਹੀ ਧਾਨ ਖਾਂਦੇ ਰਹੇ। ਚੰਦੂ, ਗੰਗੂ, ਜਲ੍ਹੇ, ਡੋਗਰੇ ਭਰਾਵਾਂ ਅਤੇ ਗਾਂਧੀ ਨਹਿਰੂ ਤੋਂ ਲੈਕੇ ਅੱਜ ਤਕ ਦੇ ਚਿੱਟੀਆਂ ਧੋਤੀਆਂ ਟੋਪੀਆਂ ਵਾਲੇ ਲੋਟੂ ਕਾਂਗਰਸੀਆਂ ਅਤੇ ਆਰ.ਐਸ.ਐਸ. ਦਾ ਕਿਰਦਾਰ ਸਾਡੇ ਸਾਹਮਣੇ ਹੈ। ਇਹ ਕਿਤਨੇ ਜ਼ੁਲਮ ਤੇ ਅਨਰਥ ਕਰਦੇ ਰਹੇ ਤੇ ਕਰ ਰਹੇ ਹਨ; ਕਿਤਨੀ ਨਿਰਦੈਤਾ ਤੇ ਕਿਤਨੇ ਵਹਿਸ਼ੀਆਨਾ ਢੰਗ ਨਾਲ ਇਹ ਮੁਸਲਮਾਨਾਂ ਅਤੇ ਸਿੱਖਾਂ ਦਾ ਕਤਲੇਆਮ ਕਰਦੇ ਰਹੇ ਤੇ ਕਰ ਰਹੇ ਹਨ।

ਇਤਿਹਾਸ ਗਵਾਹ ਹੈ ਕਿ ਬ੍ਰਾਹਮਣਵਾਦ ਪਹਿਲੇ ਦਿਨ ਤੋਂ ਹੀ ਸਿੱਖੀ ਦੇ ਬੂਟੇ ਨੂੰ ਉਖੇੜ ਸੁੱਟਣ ਲਈ ਹਮੇਸ਼ਾ ਯਤਨਸ਼ੀਲ ਰਿਹਾ ਹੈ। ਹਰ ਹੱਥ ਆਇਆ ਮੌਕਾ ਇਸ ਨੇ ਵਰਤਿਆ; ਇਸ ਵਲੋਂ ਗੁਰੂ ਅਮਰਦਾਸ ਸਾਹਿਬ ਨੂੰ ਗੋਇੰਦਵਾਲ ਦੀ ਧਰਤੀ ਤੋਂ ਬੇ-ਦਖ਼ਲ ਕਰਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ; ਗੁਰੂ ਕਾ ਲੰਗਰ ਬੰਦ ਕਰਾਉਣ ਲਈ ਇਸ ਘੜੇ ਤੇ ਮਸ਼ਕਾਂ ਤੁੜਵਾਈਆਂ; ਪੰਚਮ ਪਾਤਸ਼ਾਹ ਨੂੰ ਅਣਮਨੁੱਖੀ ਤਸੀਹੇ ਦਿਵਾ ਕੇ ਸ਼ਹੀਦ ਕਰਵਾਉਣ ਵਾਲੇ ਚੰਦੂ ਦੁਸ਼ਟ ਨੂੰ ਕਿਹੜਾ ਸਿੱਖ ਭੁੱਲ ਸਕਦਾ ਹੈ? ਕੀ ਛੇਵੇਂ ਪਾਤਸ਼ਾਹ ਨੂੰ ਜ਼ਹਿਰ ਦੇਣ ਵਾਲਾ ਕਾਲੇ ਦਿਲ ਵਾਲਾ ਬ੍ਰਾਹਮਣ ਨਹੀਂ

ਸੀ? ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਸੁਣ ਕੇ ਜਿਨ੍ਹਾਂ ਦੇ ਧਰਮ ਨੂੰ ਮਿਟ ਜਾਣ ਤੋਂ ਬਚਾਉਣ ਲਈ ਨੌਵੇਂ ਪਾਤਸ਼ਾਹ ਨੇ ਆਪਣਾ ਸੀਸ ਦਿੱਤਾ, ਕੀ ਉਹਨਾਂ ਦੀ ਅਕ੍ਰਿਤਘਣ ਔਲਾਦ ਸਿੱਖੀ ਦੀ ਤਹਿਸ-ਨਹਿਸ ਨਹੀਂ ਸੀ ਕਰਦੀ ਆ ਰਹੀ?

ਬ੍ਰਾਹਮਣਵਾਦ ਦੀ ਅਕ੍ਰਿਤਘਣਤਾ ਦਾ ਸਾਰਾ ਇਤਿਹਾਸ ਗਵਾਹੀ ਭਰਦਾ ਹੈ ਕਿ ਇਹ ਹਵਾ ਦੇ ਰੁਖ਼ ਨਾਲ ਬਦਲਦਾ ਹੈ। ਸਿੱਖ ਲਹਿਰ ਦੀ ਚੜ੍ਹਦੀ ਕਲਾ ਸਮੇਂ ਇਹ ਰਸੋਈਆ ਬਣਿਆ। ਔਖ ਸਮੇਂ ਵਕਤ ਦੀ ਹਕੂਮਤ ਦਾ ਸੂਹੀਆ ਬਣਕੇ ਉਸੇ ਨਮਕ ਹਰਾਮ ਨੇ ਗੁਰੂ ਦੇ ਪਰਿਵਾਰ ਨੂੰ ਕੈਦ ਕਰਾਇਆ। ਕੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਮਕ-ਹਰਾਮ ਗੰਗੂ ਬ੍ਰਾਹਮਣ ਦੇ ਵਿਸਾਹਘਾਤ ਦਾ ਸਿੱਟਾ ਨਹੀਂ ਸੀ? ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਨੂੰ ਗ੍ਰਿਫ਼ਤਾਰ ਕਰਾਉਣ ਵਾਲੇ ਬ੍ਰਾਹਮਣ ਨੂੰ ਕਿਹੜਾ ਸਿੱਖ ਭੁੱਲ ਸਕਦਾ ਹੈ? ਸਿਵਾਏ ਵਾਹਿਦ ਲੀਡਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਅਤੇ ਧਨਾਢ ਬਲਦੇਵ ਸਿੰਘ ਦੀ ਤ੍ਰਿੱਕੜੀ ਦੇ। ਕੀ ਮਾਸੂਮ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾਏ ਜਾਣ ਲਈ ਸੂਬਾ ਸਰਹੰਦ ਦਾ ਸਮਰਥਕ ਸੁੱਚਾ ਨੰਦ ਬ੍ਰਾਹਮਣ ਨਹੀਂ ਸੀ? (ਹਾਅ ਦਾ ਨਾਅਰਾ ਮਾਰਨ ਵਾਲਾ ਤਾਂ ਨੇਕ ਮੁਸਲਮਾਨ ਨਵਾਬ ਮਲੇਰਕੋਟਲਾ ਹੀ ਨਿਤਰਿਆ ਸੀ)

ਕੀ ਸਾਰੇ ਖ਼ੁਦਾ-ਪ੍ਰੱਸਤ ਮੁਸਲਮਾਨ ਅੱਜ ਸਿੱਖਾਂ ਦੇ ਦੁਸ਼ਮਣ ਬਣ ਗਏ ਹਨ? ਕੀ ਅੱਜ ਸਾਂਈ ਮੀਆਂ-ਮੀਰ, ਜਿਸ ਤੋਂ ਸਾਡੇ ਗੁਰੂ ਸਾਹਿਬ ਨੇ ਹਰਿਮੰਦਰ ਸਾਹਿਬ (ਸਿੱਖਾਂ ਦੇ ਕਾਬੇ) ਦਾ ਨੀਂਹ ਪੱਥਰ ਰੱਖਵਾਇਆ ਸੀ, ਕੀ ਅਜ ਉਹ ਸਿੱਖਾਂ ਦਾ ਵਿਸ਼ਵਾਸ ਪਾਤਰ ਨਹੀਂ ਬਣ ਸਕਦਾ? ਕੀ ਪਹਾੜੀ ਹਿੰਦੂ ਰਾਜਿਆਂ ਵਿਰੁਧ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਖੜੋਕੇ ਆਪਣੇ ਪੁੱਤਰ, ਸਨਬੰਧੀ ਤੇ ਆਪਣੇ ਪੈਰੋਕਾਰ ਮਰਵਾਉਣ ਵਾਲਾ ਪੀਰ ਬੁੱਧੂ ਸ਼ਾਹ ਅੱਜ ਸਿੱਖਾਂ ਦਾ ਦੁਸ਼ਮਣ ਬਣ ਗਿਆ ਹੈ? ਕੀ ਅੱਜ ਨਬੀ ਖਾਂ ਤੇ ਗ਼ਨੀ ਖ਼ਾਂ ਉਤੇ ਸਿੱਖ ਵਿਸ਼ਵਾਸ ਨਹੀਂ ਕਰ ਸਕਦੇ? ਜਿਨ੍ਹਾਂ ਗੁਰੂ ਗੋਬਿੰਦ ਸਿੰਘ ਸਾਹਿਬ ਵਾਸਤੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਵਿਖਾਈ ਸੀ।

ਦਸ਼ਮੇਸ਼ ਪਿਤਾ ਉਤੇ ਮੁਗ਼ਲਾਂ ਨਾਲੋਂ ਵੱਧ ਹਮਲੇ ਕਰਨ ਵਾਲੇ ਕੌਣ ਸਨ? ਕੀ ਹਿੰਦੂ ਪਹਾੜੀ ਰਾਜੇ ਨਹੀਂ ਸਨ? ਮੁਗ਼ਲਾਂ ਨੂੰ ਉਤੇਜਿਤ ਕਰਕੇ ਗੁਰੂ ਸਾਹਿਬ 'ਤੇ ਹਮਲੇ ਕਰਨ ਵਾਲਿਆਂ ਦੀ ਔਲਾਦ ਨਾਲ ਸਪੈਸ਼ਲ ਨਹੁੰ-ਮਾਸ ਦੇ ਰਿਸ਼ਤੇ ਕਿਵੇਂ ਹੋਏ? ਅਨੰਦਪੁਰ ਸਾਹਿਬ ਅੰਦਰ ਘਿਰੇ ਸਿੱਖਾਂ ਨੇ ਵੀ ਹਿੰਦੂ ਪਹਾੜੀ ਰਾਜਿਆਂ ਵਲੋਂ ਭੇਜੀ ਆਟੇ ਦੀ ਗਊ ਦੀ ਸੁਗੰਧ 'ਤੇ ਵਿਸਾਹ ਖਾਧਾ ਸੀ, ਕੀ ਉਹ ਵਿਸਾਹਘਾਤਕ ਨਹੀਂ ਸਨ ਨਿਕਲੇ? ਗੁਰੂ ਸਾਹਿਬ ਨਾਲ ਵਿਸ਼ਵਾਸਘਾਤ ਕਰਨ ਵਾਲਿਆਂ ਨਾਲ ਸਪੈਸ਼ਲ ਰੋਟੀ-ਬੇਟੀ ਦੇ ਰਿਸ਼ਤੇ ਕਿਹੜੇ ਪਾਸਿਓਂ ਬਣੇ? ਜਦ ਸਿੱਖ ਅਜ਼ਾਦੀ ਦੀ ਲੜਾਈ ਲੜ ਰਹੇ ਸਨ, ਤਾਂ ਲਖਪਤ ਤੇ ਜਸਪਤ ਨੇ ਮੁਗ਼ਲਾਂ ਦੇ ਹੱਥ-ਠੋਕੇ ਬਣਕੇ, ਗ਼ੁਲਾਮ ਬਣਾਈ ਰੱਖਣ ਵਾਲਿਆਂ ਦਾ ਸਾਥ ਦੇਕੇ, ਸਿੱਖਾਂ ਦਾ ਘਾਣ ਕਰਵਾਕੇ, ਸਿੱਖੀ ਦੀ ਅਲਖ ਮੁਕਾ ਦੇਣ

ਦੀਆਂ ਟਾਹਰਾਂ ਨਹੀਂ ਸਨ ਮਾਰੀਆਂ? ਉਹਨਾਂ ਦੀ ਔਲਾਦ ਨਾਲ ਵਾਹਿਦ ਲੀਡਰ ਦੀਆਂ ਨਹੁੰ-ਮਾਸ ਦੀਆਂ ਸਾਂਝਾਂ ਕਿਵੇਂ ਪਈਆਂ?

ਖ਼ਾਲਸਾ ਰਾਜ ਦੀ ਇਟ ਨਾਲ ਇਟ ਖੜਕਾਉਣ ਵਾਲੇ ਪੰਡਿਤ ਦੀਨਾ ਨਾਥ, ਧਿਆਨ ਸਿੰਘ, ਗੁਲਾਬ ਸਿੰਘ, ਹੀਰਾ ਸਿੰਘ ਆਦਿਕ ਗ਼ਦਾਰ ਡੋਗਰਿਆਂ, ਲਾਲ ਸਿੰਘ ਤੇ ਤੇਜਾ ਸਿੰਘ ਆਦਿਕ ਗ਼ਦਾਰ ਪੂਰਬੀਆਂ ਦੀ ਵਿਸਾਹਘਾਤਕ ਔਲਾਦ ਨਾਲ ਰਿਸ਼ਤੇਦਾਰੀਆਂ ਤੇ ਯਾਰੀਆਂ ਕਿਵੇਂ ਹੋਈਆਂ? ਮਹਾਰਾਜਾ ਰਣਜੀਤ ਸਿੰਘ ਨੇ ਵੀ ਸੱਪਾਂ ਨੂੰ ਦੁੱਧ ਪਿਆ-ਪਿਆ ਕੇ ਨਮਕ ਹਲਾਲੀ ਦੀਆਂ ਆਸਾਂ ਲਾਈਆਂ ਸਨ, ਉਸ ਕੀ ਖੱਟਿਆ ਸੀ? ਮਹਾਰਾਜੇ ਨੇ ਆਪਣੇ ਪੈਰਾਂ 'ਤੇ ਆਪ ਕੁਹਾੜਾ ਨਹੀਂ ਸੀ ਮਾਰਿਆ? ਅੰਗਰੇਜ਼ਾਂ ਤੇ ਸਿੱਖਾਂ ਦੀ ਲੜਾਈ ਸਮੇਂ ਮੁਸਲਮਾਨ ਫ਼ੌਜਾਂ ਤਾਂ ਸਿੱਖਾਂ ਵਾਂਗ ਜਾਨਾਂ ਵਾਰ ਕੇ ਲੜੀਆਂ ਸਨ। ਪੂਰਬੀਏ ਤੇ ਹਿੰਦੂ ਜਰਨੈਲਾਂ ਹੀ ਗ਼ਦਾਰ ਬਣਕੇ ਪੰਜਾਬ ਨੂੰ ਗ਼ੁਲਾਮ ਨਹੀਂ ਸੀ ਬਣਾਇਆ? ਕੀ ਉਹ ਸ਼ਾਹ ਮੁਹੰਮਦ ਪੰਜਾਬ ਦਾ ਮੁਸਲਮਾਨ ਕਵੀ ਨਹੀਂ ਸੀ ਜਿਸ ਖ਼ਾਲਸਾ ਰਾਜ ਦੀ ਤਬਾਹੀ 'ਤੇ ਕੀਰਨੇ ਪਾਏ ਸਨ? ਸਿਖ ਰਾਜ ਨੂੰ ਤਬਾਹ ਕਰਨ ਵਾਲਿਆਂ ਦੀ ਔਲਾਦ ਤੋਂ ਰਾਜਭਾਗ ਦੀਆਂ ਆਸਾਂ ਕਿਵੇਂ? ਦੁਸਮਣ ਤੋਂ ਚੰਗਿਆਈ ਦੀ ਆਸ ਤਾਂ ਕੋਈ ਮੂਰਖ ਹੀ ਰੱਖ ਸਕਦਾ ਹੈ

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਬ੍ਰਾਹਮਣਵਾਦ ਤੋਂ ਸੁਚੇਤ ਰਹਿਣ ਦੀ ਤਾੜਨਾ ਕੀਤੀ ਸੀ ਅਤੇ ਖ਼ਾਲਸੇ ਨੂੰ ਸਾਫ਼ ਸ਼ਬਦਾਂ ਵਿੱਚ ਚਿਤਾਰਿਆ ਸੀ ਕਿ ਜਦ ਤਕ ਖ਼ਾਲਸਾ ਬ੍ਰਾਹਮਣਵਾਦੀ ਪ੍ਰਭਾਵ ਤੋਂ ਬਚ ਕੇ ਨਿਆਰਾ ਰਹੇਗਾ, ਉਨਾ ਚਿਰ ਉਸ ਦੀ ਸ਼ਕਤੀ ਸਾਹਮਣੇ ਕੋਈ ਨਹੀਂ ਠਹਿਰ ਸਕੇਗਾ। ਗੁਰੂ ਸਾਹਿਬ ਨੇ ਤਾਂ ਸਾਫ਼ ਸ਼ਬਦਾਂ ਵਿੱਚ ਚਿਤਾਵਨੀ ਦੇ ਰੱਖੀ ਹੈ-'ਜਬ ਇਹ ਗਹੈ ਬਿਪਰਨ ਕੀ ਰੀਤ, ਮੈਂ ਨ ਕਰੋਂ ਇਨ ਕੀ ਪ੍ਰਤੀਤ'। ਹੁਣ ਸੁਆਲ ਉਠਦਾ ਹੈ ਕਿ ਕੀ ਜਵਾਹਰ ਲਾਲ ਨਹਿਰੂ, ਵਲਭ ਭਾਈ ਪਟੇਲ, ਗਾਂਧੀ, ਮਦਨ ਮੋਹਨ ਮਾਲਵੀਆ, ਆਦਿਕ ਬਿਪਰਨ ਨਹੀਂ ਸੀ? ਪੱਕੇ ਤੇ ਹੰਢੇ ਹੋਏ ਬਿਪ੍ਰ ਸਨ। ਫਿਰ ਸੁਆਲ ਉਠਦਾ ਹੈ ਕਿ ਸਾਡੇ ਲੀਡਰ ਕਿਉਂ ਉਹਨਾਂ ਦੀ ਝੋਲੀ ਵਿੱਚ ਜਾ ਬੈਠੇ? ਕੀ ਸਾਡੇ ਲੀਡਰ ਸਾਡੇ ਗੁਰੂ ਨਾਲੋਂ ਜ਼ਿਆਦਾ ਸਿਆਣੇ ਸਨ? ਆਪਣੇ ਗੁਰੂ ਦੇ ਹੁਕਮ ਨੂੰ ਲਿਤਾੜ ਕੇ ਕਿਉਂ ਉਹਨਾਂ ਦੇ ਸਕੇ ਬਣ ਬੈਠੇ? ਜਿਨਾਹ ਸਾਹਿਬ ਨੇ ਤਾਂ ਦਸਵੇਂ ਪਾਤਸ਼ਾਹ ਦੀ ਚਿਤਾਵਨੀ ਨੂੰ ਚੇਤੇ ਰੱਖਿਆ ਸੀ। ਮੁਸਲਮਾਨਾਂ ਦੀ ਤਾਂ ਅਬਾਦੀ ਵੀ 25 ਫ਼ੀਸਦੀ ਸੀ, ਉਹਨਾਂ ਬਿਪ੍ਰਾਂ 'ਤੇ ਇਤਬਾਰ ਨਹੀਂ ਸੀ ਕੀਤਾ ਅਤੇ ਆਪਣਾ ਕੌਮੀ ਘਰ ਪਾਕਿਸਤਾਨ ਲੈ ਕੇ ਹੀ ਸਾਹ ਲਿਆ ਸੀ। ਜਦ ਸਾਡੇ ਲੀਡਰਾਂ ਆਪਣੇ ਗੁਰੂ ਦੇ ਹੁਕਮ ਨੂੰ ਲਿਤਾੜਨਾ ਸ਼ੁਰੂ ਕਰ ਦਿੱਤਾ, ਤਾਂ ਖੱਜਲ-ਖ਼ੁਆਰ ਹੋਣਾ ਕੁਦਰਤੀ ਗੱਲ ਹੈ। ਉਹਨਾਂ ਮੌਕਾਪ੍ਰਸਤਾਂ ਦਾ ਕਿਰਦਾਰ ਸਾਡੇ ਸਾਹਮਣੇ ਹੈ।

ਅੱਜ ਬੀ.ਜੇ.ਪੀ. ਦੀਆਂ ਨਜ਼ਰਾਂ ਵਿੱਚ ਸਿੱਖ, ਮੁਸਲਮਾਨ, ਈਸਾਈ ਤੇ ਦਲਿਤ ਇੰਜ ਹਨ, ਜਿਵੇਂ ਹਿਟਲਰ ਸਾਹਮਣੇ ਯਹੂਦੀ ਸਨ। ਇਸ ਦੀ ਅਸਲੀ ਚਾਲਕ ਸ਼ਕਤੀ

ਆਰ.ਐਸ.ਐਸ.ਹੈ,ਜਿਹੜੀ ਕਿ ਅੱਜ ਦੇ ਭਾਰਤ ਦੀ ਸਭ ਤੋਂ ਵੱਡੀ ਤੇ ਖ਼ਤਰਨਾਕ ਫ਼ਾਸ਼ੀ ਤਾਕਤ ਹੈ। ਨਾਜ਼ੀ ਹਿਟਲਰ ਵਾਂਗ ਇਹ ਮਨੂਵਾਦੀ ਫ਼ਾਸ਼ੀਵਾਦ 'ਹਿੰਦੂ ਆਰੀਆ ਨਸਲ' ਨੂੰ ਹੀ ਕੇਵਲ ਰਾਜ ਕਰ ਸਕਣ ਦੇ ਯੋਗ ਸਮਝਦਾ ਹੈ ਅਤੇ ਪਵਿਤਰ ਮਨੂਵਾਦੀ ਹਿੰਦੂ ਰਾਸ਼ਟਰ ਸਥਾਪਤ ਕਰਨਾ ਚਾਹੁੰਦਾ ਹੈ। ਫ਼ਾਸ਼ੀਵਾਦੀ ਆਰ.ਐਸ.ਐਸ.ਦੇ ਸੰਚਾਲਕ ਗੋਲਵਾਲਕਰ,ਜਿਸ ਨੂੰ ਇਹ ਗੁਰੂ ਜੀ ਕਹਿੰਦੇ ਹਨ,ਨੇ ਆਪਣੀ ਪੁਸਤਕ 'ਬੰਚ ਆਫ਼ ਥਾਟਸ' ਵਿੱਚ ਸਾਫ਼ ਲਿਖਿਆ ਹੈ -

"ਹਿੰਦੂ ਹੀ ਇਸ ਦੇਸ਼ ਦੇ ਅਸਲੀ ਵਸਨੀਕ ਹਨ। ਜਿਹੜੇ ਹਿੰਦੂ ਨਹੀਂ ਹਨ,ਉਹਨਾਂ ਨੂੰ ਹਿੰਦੂਆਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾ ਸਕਦੇ। ਭਾਰਤੀ ਲੋਕਤੰਤਰ ਅਤੇ ਭਾਰਤੀ ਸੰਵਿਧਾਨ ਦੀਆਂ ਬੁਨਿਆਦਾਂ ਸੈਕੂਲਰਇਜ਼ਮ ਦੇ ਆਧਾਰ 'ਤੇ ਰੱਖੀਆਂ ਗਈਆਂ ਹਨ (ਹੈਨ ਭਾਵੇਂ ਕੇਵਲ ਕਾਗਜ਼ਾਂ 'ਤੇ ਹੀ -ਲੇਖਕ) ਅਤੇ ਇਸ ਵਿੱਚ ਚੋਰ,ਡਾਕੂਆਂ ਤੇ ਹਮਲਾਵਰਾਂ ਨੂੰ ਬਿਨਾਂ ਸੋਚੇ ਸਮਝੇ ਭਾਰਤ ਦੇ ਸਪੂਤਾਂ ਦੇ ਬਰਾਬਰ ਦਰਜਾ ਦਿੱਤਾ ਗਿਆ ਹੈ।"

ਆਰ.ਐਸ.ਐਸ.ਨਾਜ਼ੀ ਹਿਟਲਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ। ਇਸ ਦੀ ਚਾਣਕੀਆ ਨੀਤੀ ਨਾਜ਼ੀ ਹਿਟਲਰ ਦੀ ਨੀਤੀ ਨਾਲੋਂ ਇੱਕ ਕਦਮ ਅਗਾਂਹ ਨੂੰ ਜਾਂਦੀ ਹੈ। ਹਿਟਲਰ ਜਿੱਥੇ ਦੂਜੀਆਂ ਕੌਮਾਂ ਨੂੰ ਗ਼ੁਲਾਮ ਬਣਾ ਕੇ ਉਹਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਬਣਾਈ ਰਖੱਣਾ ਚਾਹੁੰਦਾ ਸੀ,ਉਥੇ ਬ੍ਰਾਹਮਣਵਾਦ ਗ਼ੁਲਾਮ ਬਣਾ ਕੇ,ਨਾ ਕੇਵਲ ਚੌਥੇ ਦਰਜੇ ਦਾ ਸ਼ਹਿਰੀ ਬਣਾਈ ਰੱਖਣਾ ਚਾਹੁੰਦਾ ਹੈ,ਸਗੋਂ ਆਪਣੀਆਂ ਗ਼ੁਲਾਮ ਕੌਮਾਂ ਦਾ ਧਰਮ ਵੀ ਬਦਲ ਦੇਣਾ ਚਾਹੁੰਦਾ ਹੈ,ਤਾਂ ਜੋ ਉਹ ਚੌਥੇ ਦਰਜੇ ਦੇ ਸ਼ਹਿਰੀ (ਸ਼ੂਦਰ) ਬਣ ਕੇ ਇਸ ਦੀ ਸੇਵਾ ਕਰਨੀ ਆਪਣਾ ਧਰਮ ਸਮਝਣ ਅਤੇ ਇਸ ਦਾ ਬਚਿਆ-ਖੁਚਿਆ ਖਾ ਕੇ ਦਿਲੋਂ ਇਸ ਦੀ ਚਾਕਰੀ ਕਰਨ।

ਇਸੇ ਆਸ਼ੇ ਅਧੀਨ ਬ੍ਰਾਹਮਣਵਾਦ ਸਿੱਖਾਂ ਦਾ ਧਰਮ ਵੀ ਬਦਲਣਾ ਚਾਹੁੰਦਾ ਹੈ ਅਤੇ ਗ਼ੁਲਾਮ ਵੀ ਬਣਾਈ ਰੱਖਣਾ ਚਾਹੁੰਦਾ ਹੈ,ਤਾਂ ਜੋ ਗ਼ੁਲਾਮ ਸਿੱਖ ਆਪਣੇ ਮਾਲਕਾਂ ਲਈ ਜ਼ਮੀਨਾਂ ਵਾਹੁੰਦੇ ਰਹਿਣ,ਅਨਾਜ ਪੈਦਾ ਕਰਦੇ ਰਹਿਣ,ਆਪਣੇ ਹੱਡ ਭੰਨਦੇ ਰਹਿਣ,ਲਾਲਿਆਂ ਦਾ ਭਾਰ ਢੋਂਹਦੇ ਰਹਿਣ,ਸਰਹੱਦਾਂ ਦੀ ਰਾਖੀ ਕਰਦੇ ਰਹਿਣ,ਹਮੇਸ਼ਾ ਕਰਜ਼ਾਈ ਬਣੇ ਰਹਿਣ ਅਤੇ ਬਾਣੀਏ ਦੀ ਮੁਨਾਫ਼ੇ ਦੀ ਚੱਕੀ ਦੇ ਗਾਲੇ ਬਣੇ ਰਹਿਣ। ਇਸ ਆਸ਼ੇ ਦੀ ਪੂਰਤੀ ਲਈ,ਦੂਜੀਆਂ ਕੌਮਾਂ ਨੂੰ ਮਿਟਾ ਕੇ ਇਹ ਭਾਰਤੀ ਉਪ ਮਹਾਂਦੀਪ ਦਾ ਸਮਰਾਟ ਬਣਨ ਦੇ ਸੁਪਨੇ ਲੈ ਰਿਹਾ ਹੈ ਜਿਵੇਂ ਕਦੀ ਹਿਟਲਰ ਨੇ ਸਾਰੀ ਦੁਨੀਆ 'ਤੇ ਰਾਜ ਕਰਨ ਦੇ ਸੁਪਨੇ ਲਏ ਸਨ। ਹਾਲ ਇਸ ਦਾ ਵੀ ਉਹੋ ਹੋਣਾ ਹੈ ਜੋ ਹਿਟਲਰ ਦਾ ਹੋਇਆ ਸੀ। ਇਸ ਦੇ ਸੁਪਨੇ ਵੀ ਨਾਜ਼ੀ ਹਿਟਲਰ ਵਾਂਗ ਚਕਨਾ-ਚੂਰ ਹੋ ਕੇ ਰਹਿਣੇ ਹਨ।

ਬ੍ਰਾਹਮਣਵਾਦੀ ਨਜ਼ਾਮ ਅੱਜ ਬੜਾ ਮਜ਼ਬੂਤ ਹੈ। ਇਸ ਦੇ ਕੋਲ ਵਿਗਿਆਨਕ ਹਥਿਆਰਾਂ ਨਾਲ ਲੈਸ ਫ਼ੌਜ ਹੈ, ਪੁਲਸ ਹੈ, ਕਾਨੂੰਨ ਹੈ, ਜੇਲ੍ਹਾਂ ਹਨ, ਤੋਪਾਂ ਹਨ, ਲੋਕਾਂ ਨੂੰ ਗੁੰਮਰਾਹ ਕਰਨ ਲਈ ਟੈਲੀਵਿਯਨ ਹੈ, ਰੇਡੀਓ ਹੈ, ਅਖ਼ਬਾਰਾਂ ਆਦਿਕ ਅਮੁੱਕ ਵਸੀਲੇ ਹਨ। ਜਿਥੇ ਅੰਨ੍ਹੀ ਰਾਜ ਸ਼ਕਤੀ, ਅੰਨ੍ਹਾ ਧਨ ਅਤੇ ਅੰਨ੍ਹਾ ਤਅੱਸਬ ਇਹ ਤਿੰਨੇ ਇਕੱਠੇ ਹੋ ਜਾਣ, ਉਥੇ ਹੱਕ ਤੇ ਸੱਚ ਉਤੇ ਆਧਾਰਤ ਕੋਈ ਸੰਸਥਾ ਜ਼ਿੰਦਾ ਨਹੀਂ ਰਹਿ ਸਕਦੀ। ਇਹ ਇਕ ਹਕੀਕਤ ਹੈ ਕਿ ਮਨੁੱਖ ਤਾਕਤ ਦੇ ਨਸ਼ੇ ਵਿੱਚ ਅੰਨ੍ਹਾਂ ਹੋ ਜਾਂਦਾ ਹੈ ਅਤੇ ਆਪਣੇ ਤੋਂ ਬਿਨਾਂ ਉਸ ਨੂੰ ਹੋਰ ਕੋਈ ਵਿਖਾਈ ਹੀ ਨਹੀਂ ਦਿੰਦਾ। ਤਾਕਤ ਦਾ ਨਸ਼ਾ ਮਨੁੱਖ ਦੀ ਅਕਲ 'ਤੇ ਪਰਦੇ ਪਾ ਦਿੰਦਾ ਹੈ ਅਤੇ ਉਸ ਮਨੁੱਖ ਦੀ ਸੋਚ ਸ਼ਕਤੀ ਕੰਮ ਕਰਨੋਂ ਬੰਦ ਹੋ ਜਾਂਦੀ ਹੈ। ਜਿਵੇਂ ਸ਼ਰਾਬ ਦੀ ਅਧਿਕ ਵਰਤੋਂ ਵੱਡੇ ਵੱਡੇ ਬਲਵਾਨ ਦਿਮਾਗਾਂ ਨੂੰ ਵੀ ਹਿਲਾ ਕੇ ਰੱਖ ਦਿੰਦੀ ਹੈ, ਤਿਵੇਂ ਤਾਕਤ ਦਾ ਨਸ਼ਾ ਮਨੁੱਖ ਨੂੰ ਪਾਗਲ ਤੇ ਜਨੂਨੀ ਬਣਾ ਦਿੰਦਾ ਹੈ। ਤਾਕਤ ਦੇ ਚੜ੍ਹੇ ਨਸ਼ੇ ਵਿੱਚ, ਮਨ ਦੀ ਅਗਵਾਈ ਵਿੱਚ, ਮਨਆਈਆਂ ਕਰ ਕੇ ਮਨੁੱਖ ਹੰਕਾਰੀ ਬਣ ਜਾਂਦਾ ਹੈ। ਹੰਕਾਰੀ ਤੋਂ ਸ਼ੁਦਾਈ ਅਤੇ ਸ਼ੁਦਾਈ ਤੋਂ ਪਸ਼ੂ ਬਣ ਜਾਂਦਾ ਹੈ। ਪਸ਼ੂ ਦੀ ਹੱਦ ਟੱਪ ਜਾਣ ਮਗਰੋਂ ਉਸ ਦੀ ਪਾਗਲਪਨ ਦੀ ਅਵਸਥਾ ਬਣ ਜਾਂਦੀ ਹੈ, ਜਿਹੜੀ ਕਿ ਉਸ ਦੇ ਵਿਨਾਸ਼ ਦਾ ਕਾਰਨ ਬਣਦੀ ਹੈ। ਇਸੇ ਨੂੰ ਕੁਦਰਤ ਦਾ ਅਟੱਲ ਨਿਯਮ – ਹੰਕਾਰਿਆ ਸੋ ਮਾਰਿਆ ਕਰ ਕੇ ਵੀ ਜਾਣਿਆ ਜਾਂਦਾ ਹੈ।

ਅੱਜ ਦੇ ਬ੍ਰਾਹਮਣਵਾਦ ਕੋਲ ਰਾਜ-ਭਾਗ ਵੀ ਹੈ ਤੇ ਅੰਨ੍ਹਾ ਪੈਸਾ ਵੀ। ਪ੍ਰੈਸ, ਰੇਡੀਓ, ਟੀਵੀ ਆਦਿਕ ਵਿਗਿਆਨਕ ਸਾਧਨਾਂ ਨਾਲ ਵੀ ਇਹ ਪੂਰੀ ਤਰ੍ਹਾਂ ਲੈਸ ਹੈ। ਅੰਨ੍ਹੇ ਨੂੰ ਸੁਜਾਖਾ ਤੇ ਸੁਜਾਖੇ ਨੂੰ ਅੰਨ੍ਹਾ ਸਾਬਤ ਕਰਦੇ ਦੇ, ਹੈਂਕੜ ਨਾਲ ਪੈਰ ਧਰਤੀ 'ਤੇ ਨਹੀਂ ਟਿਕਦੇ। ਰਾਜ-ਸੱਤਾ ਦੇ ਨਸ਼ੇ ਵਿੱਚ ਅੰਨ੍ਹਾ ਹੋਇਆ ਇਹ ਕਦੀ ਨੇਪਾਲ ਨੂੰ ਸਬਕ ਸਿਖਾਉਣ ਟੁਰ ਪੈਂਦਾ ਹੈ; ਕਦੀ ਆਪਣੇ ਬਾਹੂਬਲ ਦੇ ਵਿਖਾਵੇ ਲਈ ਲੰਕਾ ਵਿੱਚ ਜਾ ਵੜਦਾ ਹੈ; ਕਦੀ ਬੰਗਲਾ ਦੇਸ਼ ਨੂੰ ਅੱਖਾਂ ਵਿਖਾਉਂਦਾ ਹੈ ਅਤੇ ਕਦੀ ਪਾਕਿਸਤਾਨ ਨੂੰ ਘੂਰੀਆਂ ਵੱਟ ਕੇ ਡਰਾਉਂਦਾ ਹੈ। ਆਪਣੇ ਗਵਾਂਢੀ ਮੁਲਕਾਂ ਨੂੰ ਹੜੱਪ ਕਰਨ ਲਈ ਕਦੀ ਰੂਸ ਨਾਲ ਆਂਢਾ-ਸਾਂਢਾ ਗੰਢਦਾ ਹੈ ਤੇ ਕਦੀ ਇਰਾਨ ਤੇ ਅਫ਼ਗਾਨਿਸਤਾਨ ਨਾਲ। ਏਸ਼ੀਆ ਦਾ ਸਮਰਾਟ ਬਣਨ ਲਈ ਇਹ ਨਿਤ ਨਵੇਂ ਤਾਣੇ ਤਣਦਾ ਰਹਿੰਦਾ ਹੈ; ਬਾਕੀ ਸਭ ਕੌਮਾਂ ਨੂੰ ਮਿਟਾ ਦੇਣਾ ਚਾਹੁੰਦਾ ਹੈ; ਪਿਛਲੇ 53 ਸਾਲਾਂ ਤੋਂ ਚਾਣਕੀਆ ਨੀਤੀ ਦੇ ਵਾਰਸਾਂ ਨੇ ਘਟ-ਗਿਣਤੀ ਕੌਮਾਂ ਨੂੰ ਚਾਣਕੀਆ ਨੀਤੀ ਦੇ ਹਥਿਆਰਾਂ ਨਾਲ ਖ਼ਤਮ ਕਰ ਦੇਣ ਲਈ ਸਭ ਕੁਝ ਦਾਅ 'ਤੇ ਲਾ ਦਿੱਤਾ ਹੋਇਆ ਹੈ। ਕਦੀ ਮੁਸਲਮਾਨਾਂ ਦਾ ਖ਼ੂਨ ਵਹਾਉਂਦਾ ਹੈ ਅਤੇ ਕਦੀ ਸਿੱਖਾਂ ਦਾ। ਕਦੀ ਸਿੱਖਾਂ ਦੇ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਕਰਦਾ ਹੈ ਅਤੇ ਕਦੀ ਬਾਬਰੀ ਮਸਜਿਦ ਦੀ ਇੱਟ ਨਾਲ ਇੱਟ ਜਾ ਖੜਕਾਉਂਦਾ ਹੈ।

ਬ੍ਰਾਹਮਣਵਾਦ ਦਾ ਆਪਣੇ ਵਿਰੋਧੀਆਂ ਨੂੰ ਚੁਪ ਕਰਾ ਦੇਣ ਦਾ ਢੰਗ ਵੀ ਬਾਕੀ ਸਭ ਨਾਲੋਂ ਜ਼ਿਆਦਾ ਖ਼ਤਰਨਾਕ ਹੈ। ਇਸ ਨੀਤੀ ਦਾ ਧਾਰਨੀ ਚਿੱਟਾ ਗਾਊਨ ਤਾਂ ਪਾਉਂਦਾ ਹੈ ਸਰਜਨ (ਡਾਕਟਰ) ਦਾ, ਪਰੰਤੂ ਕੋਹ ਕੇ ਮਾਰਦਾ ਹੈ ਕਸਾਈ ਵਾਂਗ। ਬੁਰਕਾ ਡੈਮੋਕਰੈਸੀ ਦਾ, ਪਰ ਜ਼ੁਲਮ ਡਿਕਟੇਟਰਾਂ ਨਾਲੋਂ ਵੀ ਵੱਧ। ਬਾਣਾ ਧਰਮ ਨਿਰਪੇਖਤਾ ਦਾ, ਪਰ ਨਾਅਰਾ 'ਹਿੰਦੂ, ਹਿੰਦੀ, ਹਿੰਦੁਸਤਾਨ' ਦਾ, ਅਤੇ ਕਾਨੂੰਨ ਮਨੂਸਿਮ੍ਰਤੀ ਦੇ। ਹੋਕਾ ਅਹਿੰਸਾ ਪਰਮੋ ਧਰਮ ਦਾ, ਪਰੰਤੂ ਕੰਮ ਜਲਾਦਾਂ ਦੇ। ਇਹ ਅਜ਼ਾਦੀ ਦਾ ਅਲੰਬਰਦਾਰ ਹੈ, ਧਰਮ ਨਿਰਪੇਖਤਾ ਵੀ ਇਹ ਚਾਹੁੰਦਾ ਹੈ ਅਤੇ ਡੈਮੋਕਰੈਸੀ ਦਾ ਵੀ ਪੱਕਾ ਹਾਮੀ ਹੈ ਪਰ ਹਿੰਦੁਸਤਾਨ ਤੋਂ ਬਾਹਰ ਦੇ ਲੋਕਾਂ ਲਈ, ਅਫ਼ਰੀਕਨਾਂ ਲਈ, ਤਾਮਿਲਾਂ ਲਈ, ਬੰਗਲਾਦੇਸ਼ੀਆਂ ਆਦਿਕ ਲਈ। ਹਿੰਦੁਸਤਾਨ ਅੰਦਰ 'ਯਿਹ ਚਮਨ ਹਮਾਰਾ' ਹੈ, ਹਿੰਦੂ, ਹਿੰਦੀ, ਹਿੰਦੁਸਤਾਨ ਕਾ ਹੈ, ਔਰ ਰਹੇਗਾ। ਇਸ ਵਿੱਚ ਹੋਰ ਕਿਸੇ ਧਰਮ, ਬੋਲੀ, ਸਭਿਆਚਾਰ ਜਾਂ ਘਟਗਿਣਤੀ ਕੌਮ ਨੂੰ ਜੀਉਣ ਦਾ ਹੱਕ ਨਹੀਂ। ਇਥੇ ਸਭ ਨੂੰ ਪੱਥਰ-ਪੂਜ ਬਣਨਾ ਪਏਗਾ, ਚੂਹਾ-ਪੂਜ ਬਣਨਾ ਪਏਗਾ, ਸੱਪ-ਪੂਜ ਬਣਨਾ ਪਏਗਾ, ਧਨ-ਪੂਜ ਬਣਨਾ ਪਏਗਾ।

ਭਾਰਤ ਇੱਕ ਬਹੁ-ਧਰਮੀ ਦੇਸ਼ ਹੈ, ਬਹੁ-ਸਭਿਆਚਾਰਕ ਦੇਸ਼ ਹੈ ਅਤੇ ਬਹੁ-ਕੌਮੀ ਦੇਸ਼ ਹੈ। ਇਹ ਮੁਲਕ ਕਦੀ ਵੀ ਕਿਸੇ ਵੀ ਇੱਕ ਇਕਾਈ ਵਿੱਚ ਬੱਝੀਕੇ ਨਹੀਂ ਰਿਹਾ। ਅੰਗਰੇਜ਼ਾਂ ਨੇ, ਪਹਿਲੀ ਵਾਰ, ਇਸ ਨੂੰ ਰਾਜ ਪ੍ਰਬੰਧ ਦੀ ਇਕਾਈ ਵਿੱਚ ਬੰਨ੍ਹਿਆ ਸੀ। ਨਾਜ਼ੀ ਸੋਚ ਦੇ ਧਾਰਨੀ ਬ੍ਰਾਹਮਣਵਾਦ ਦੇ ਸਿਰ 'ਤੇ ਵੱਖ ਵੱਖ ਕੌਮਾਂ ਨੂੰ, ਵੱਖ ਵੱਖ ਸਭਿਆਚਾਰਕ ਇਕਾਈਆਂ ਨੂੰ, ਭਾਂਤ ਭਾਂਤ ਦੀਆਂ ਬੋਲੀਆਂ ਨੂੰ, ਵੱਖ ਵੱਖ ਧਰਮ ਵਿਸ਼ਵਾਸਾਂ ਨੂੰ, ਇੱਕੋ ਹਿੰਦੂ ਨਸਲ, ਇੱਕੋ ਹਿੰਦੂ ਸਭਿਆਚਾਰ, ਇੱਕੋ ਹਿੰਦੀ-ਸੰਸਕ੍ਰਿਤ ਬੋਲੀ ਅਤੇ ਇੱਕੋ ਹਿੰਦੂ ਧਰਮ ਵਿੱਚ ਬਦਲ ਦੇਣ ਦਾ ਭੂਤ ਸਵਾਰ ਹੋ ਗਿਆ ਜਾਪਦਾ ਹੈ। ਅਜ਼ਾਦੀ ਮਿਲਦਿਆਂ ਹੀ ਰਾਸ਼ਟਰੀ ਏਕਤਾ ਦੇ ਨਾਂ ਥੱਲੇ ਹਿੰਦੂਆਂ ਵਿੱਚੋਂ ਨਿਕਲਿਆਂ ਨੂੰ ਮੁੜ ਹਿੰਦੂ ਬਣਾਉਣ ਦੇ ਨਾਪਾਕ ਇਰਾਦਿਆਂ ਨੂੰ ਸਾਕਾਰ ਕਰਨ ਲਈ, ਇਸ ਵਲੋਂ ਗੁੱਝੀਆਂ ਚਾਲਾਂ ਚੱਲੀਆਂ ਗਈਆਂ ਅਤੇ ਸਭ ਨੂੰ ਵੇਦਿਕ ਸੰਸਕ੍ਰਿਤੀ ਵਿੱਚ ਢਾਲਕੇ ਜੰਞੂ-ਧੋਤੀ ਵਿੱਚ ਬੰਨ੍ਹਣਾ ਚਾਹਿਆ।

ਇਹ ਨਸਲਵਾਦ ਤੇ ਪਸਾਰਵਾਦ ਦੀ ਬੜੀ ਖ਼ਤਰਨਾਕ ਸੋਚ ਹੈ, ਤਬਾਹਕੁੰਨ ਫ਼ਲਸਫ਼ਾ ਹੈ ਅਤੇ ਦੇਸ਼ ਨੂੰ ਟੁਕੜੇ ਟੁਕੜੇ ਕਰ ਦੇਣ ਦਾ ਰਾਹ ਹੈ। ਇਹ ਇਕ ਮੰਨੀ ਹੋਈ ਹਕੀਕਤ ਹੈ ਕਿ ਵੱਖ ਵੱਖ ਖੇਤਰੀ ਰਾਜਾਂ ਦੇ ਭਾਂਤ ਭਾਂਤ ਦੇ ਸਾਜ਼ਾਂ ਦੇ ਸੁਰ-ਮੇਲ ਨਾਲ ਇਕਸੁਰਤਾ (Unity) ਤਾਂ ਪੈਦਾ ਕੀਤੀ ਜਾ ਸਕਦੀ ਹੈ ਪਰ ਇਕਸਾਰਤਾ (Uniformity) ਨਹੀਂ। ਵੱਖ ਵੱਖ ਕੌਮਾਂ ਦੀਆਂ ਸਭਿਆਚਾਰਕ ਇਕਾਈਆਂ ਅੰਦਰ ਇਕਸੁਰਤਾ ਤਾਂ ਪੈਦਾ ਕੀਤੀ ਜਾ ਸਕਦੀ ਹੈ ਪਰੰਤੂ ਇਕਸਾਰਤਾ ਨਹੀਂ। ਇਹ ਤਾਂ ਕੁਦਰਤ ਦੇ ਅਸੂਲ ਦੇ ਵੀ ਵਿਰੁਧ ਹੈ। ਪੰਜੇ ਉਂਗਲਾਂ ਕਿਵੇਂ ਵੀ ਇਕੋ ਜੇਹੀਆਂ ਨਾ ਹੋ ਸਕਦੀਆਂ ਹਨ, ਨਾ

ਹੋਣੀਆਂ ਚਾਹੀਦੀਆਂ ਹੀ ਹਨ ਅਤੇ ਨਾਹੀਂ ਹੋ ਸਕਦੀਆਂ ਹਨ। ਇਹ ਨਾਜ਼ੀ ਸੋਚ ਰੱਬ ਵਿਰੋਧੀ ਸੋਚ ਹੈ। ਨਾ ਇਹ ਪਹਿਲਾਂ ਕਾਮਯਾਬ ਹੋਈ ਤੇ ਨਾ ਹੀਂ ਹੁਣ ਹੋਣੀ ਹੈ।

ਜਿਹੜੀਆਂ ਕੌਮਾਂ ਦੇ ਲੀਡਰ ਇਤਿਹਾਸ ਤੋਂ ਸਬਕ ਨਹੀਂ ਸਿਖਦੇ, ਉਹ ਕੌਮਾਂ ਮੁੜ ਮੁੜ ਕੇ ਧੋਖੇ ਦਾ ਸ਼ਿਕਾਰ ਹੁੰਦੀਆਂ ਹਨ। ਜਿਹੜੀਆਂ ਕੌਮਾਂ ਦੇ ਲੀਡਰ ਸਮੇਂ ਮੁਤਾਬਕ ਠੀਕ ਨੀਤੀ ਮਾਰਗ ਅਪਨਾਉਣ ਦੀ ਯੋਗਤਾ ਨਹੀਂ ਰੱਖਦੇ, ਸਮਾਂ ਉਹਨਾਂ ਕੌਮਾਂ ਦੀ ਹਸਤੀ ਨੂੰ ਮਿਟਾ ਕੇ ਰੱਖ ਦਿੰਦਾ ਹੈ। ਜੇ ਸਿਖ ਲੀਡਰਾਂ ਨੇ ਫ਼ੈਸਲੇ ਦੀਆਂ ਘੜੀਆਂ ਸਮੇਂ ਠੀਕ ਤੇ ਸੋਚ-ਸਮਝ ਕੇ ਕਦਮ ਚੁੱਕੇ ਹੁੰਦੇ, ਤਾਂ ਅੱਜ ਸਿੱਖ ਕੌਮ ਦੀ ਨਾ ਇਤਨੀ ਦੁਰਦਸ਼ਾ ਹੋਣੀ ਸੀ ਅਤੇ ਨਾ ਹੀਂ ਇਸ ਸੰਘਰਸ਼ ਦੀ ਹੀ ਲੋੜ ਪੈਣੀ ਸੀ। ਸਿਆਣੇ ਤੇ ਸੂਝਵਾਨ ਆਗੂ, ਦੂਰਗਾਮੀ ਨਤੀਜਿਆਂ ਦੇ ਬਾਵਜੂਦ, ਆਪਣੇ ਸੂਝ-ਬੂਝ ਦੇ ਸ਼ਸਤਰਾਂ ਨਾਲ ਮੇਜ਼ ਦੁਆਲੇ ਬੈਠਣ ਸਮੇਂ ਕਈ ਵਾਰੀ ਹਾਰੀ ਹੋਈ ਬਾਜ਼ੀ ਜਿੱਤ ਲੈਂਦੇ ਹਨ, ਜਿਵੇਂ ਕਿ  ਜਿਨਾਹ ਸਾਹਿਬ ਨੇ ਬਿਖੜੇ ਸਮੇਂ ਦ੍ਰਿੜਤਾ ਨਾਲ ਆਪਣਾ ਕੌਮੀ ਘਰ ਲੈ ਵਿਖਾਇਆ। ਇਸ ਦੇ ਬਿਲਕੁਲ ਉਲਟ, ਪ੍ਰਾਪਤੀ ਦੀਆਂ ਫ਼ੈਸਲਾਕੁੰਨ ਘੜੀਆਂ ਦੌਰਾਨ ਸਿੱਖ ਆਗੂ ਹਮੇਸ਼ਾ ਬਾਜ਼ੀ ਹਾਰਦੇ ਰਹੇ ਹਨ।

ਦੇਸ਼ ਵੰਡ ਵੇਲੇ 25 ਫ਼ੀਸਦੀ ਵਸੋਂ ਵਾਲੀ ਮੁਸਲਮਾਨ ਕੌਮ ਤਾਂ ਹਿੰਦੂ ਕਾਂਗਰਸ ਦੇ ਦਾਅ-ਪੇਚਾਂ ਤੋਂ ਇਤਨੀ ਤ੍ਰੱਭਕ ਗਈ ਸੀ ਕਿ ਉਹ ਕਾਂਗਰਸ ਨਾਲ ਕਿਸੇ ਕਿਸਮ ਦਾ ਲਿਖਤੀ ਸਮਝੌਤਾ ਵੀ ਕਰਨ ਨੂੰ ਤਿਆਰ ਨਾ ਹੋਈ, ਹਰ ਕੀਮਤ 'ਤੇ ਆਪਣੇ ਅਜ਼ਾਦ ਘਰ ਦੀ ਹੀ ਮੰਗ ਦੁਹਰਾਈ ਅਤੇ ਆਪਣਾ ਮੁਲਕ ਲੈ ਕੇ ਹੀ ਉਸ ਸਾਹ ਲਿਆ ਸੀ। ਡੇਢ ਫੀਸਦੀ ਵਸੋਂ ਵਾਲੀ ਕੌਮ ਦੇ ਸਿੱਖ ਲੀਡਰਾਂ ਹਿੰਦੂ ਕਾਂਗਰਸ ਦੇ ਉਸੇ ਜ਼ਬਾਨੀ ਵਾਅਦੇ 'ਤੇ ਯਕੀਨ ਕੀਤਾ, ਜਿਹੜਾ ਉਹ ਵਾਰ ਵਾਰ ਤੋੜ ਚੁੱਕੀ ਸੀ। ਇਹ ਹੈ ਸੋਚਣ ਤੇ ਧਿਆਨ ਦੇਣ ਯੋਗ ਗੱਲ।

ਅਜ਼ਾਦੀ ਤੋਂ ਪਹਿਲਾਂ ਹਿੰਦੂ ਫ਼ਿਰਕੂ ਲੀਡਰ, ਹਿੰਦੂਆਂ ਵਿੱਚੋਂ ਨਿਕਲਿਆਂ ਨੂੰ ਮੁੜ ਹਿੰਦੂ ਬਣਾਉਣ ਦੀਆਂ ਚਿਤਾਵਨੀਆਂ ਪੈਰ ਪੈਰ 'ਤੇ ਦੇਂਦੇ ਰਹੇ। ਜਿਨਾਹ ਸਾਹਿਬ ਨੇ ਵੀ ਹਿੰਦੂ ਕੁਟਿਲ ਨੀਤੀ ਦੀਆਂ ਚਿਤਾਵਨੀਆਂ ਸਿੱਖ ਲੀਡਰਾਂ ਨੂੰ ਦਿੱਤੀਆਂ ਅਤੇ ਹਿੰਦੁਸਤਾਨ ਛੋੜ ਰਹੇ ਅੰਗਰੇਜ਼ਾਂ ਨੇ ਵੀ ਸਿੱਖ ਲੀਡਰਾਂ ਨੂੰ ਆਪਣਾ ਕੌਮੀ ਭਵਿਖ ਸੁਰੱਖਿਅਤ ਕਰ ਲੈਣ ਦੇ ਤੁਣਕੇ ਮਾਰੇ, ਪਰੰਤੂ ਕੌਮ ਦੇ ਭਵਿਖ ਦੇ ਦਰਦ ਕਿਸ ਨੂੰ? ਜਦ ਚਾਣਕੀਆ ਨੀਤੀ ਦੇ ਝਾਂਸਿਆਂ ਦੇ ਸਬਜ਼ ਬਾਗ਼ ਸਾਹਮਣੇ ਪਏ ਦਿੱਸਦੇ ਹੋਣ, ਵੰਨ-ਸੁਵੰਨੇ ਚੋਗਿਆਂ ਦੇ ਢੇਰ ਸਾਹਮਣੇ ਲਾ ਦਿੱਤੇ ਗਏ ਹੋਣ ਅਤੇ ਅੱਖਾਂ ਉਤੇ ਮੋਟੇ ਸੁਆਰਥ ਦੇ ਖੋਪੇ ਚਾੜ੍ਹ ਦਿੱਤੇ ਹੋਣ, ਤਾਂ ਉਥੇ ਦੀਨ-ਈਮਾਨ ਤੇ ਕੌਮ ਦੀਆਂ ਸੋਚਾਂ ਦੀ ਵਿਹਲ ਭਲਾ ਕਿਸ ਨੂੰ?

ਬ੍ਰਾਹਮਣਵਾਦ ਨੇ ਸਾਡੇ ਗੁਰੂ ਸਾਹਿਬਾਨ ਨਾਲ ਜਿਹੜੇ ਵਿਸਾਹਘਾਤ ਕੀਤੇ, ਸਾਡੇ ਸੁਆਰਥੀ ਲੀਡਰਾਂ, ਨਾ ਉਹਨਾਂ ਤੋਂ ਕੋਈ ਸਬਕ ਸਿੱਖਿਆ ਅਤੇ ਨਾ ਹੀਂ ਆਪਣੇ ਗੁਰੂਆਂ ਦੇ

ਹੁਕਮ ਦੀ ਹੀ ਕੋਈ ਪ੍ਰਵਾਹ ਕੀਤੀ। ਨਾ ਇਤਿਹਾਸ ਤੋਂ ਕੋਈ ਸਬਕ ਸਿੱਖਿਆ ਅਤੇ ਨਾ ਹੀਂ ਹਿੰਦੂ ਕੁਟਿਲ ਨੀਤੀ ਦੀਆਂ ਚਿਤਾਵਨੀਆਂ ਦੀ ਕੋਈ ਪ੍ਰਵਾਹ ਹੀ ਕੀਤੀ। ਨਾ ਅੰਗਰੇਜ਼ਾਂ ਵਲੋਂ ਆਪਣੀ ਹੋਂਦ ਸੁਰੱਖਿਅਤ ਕਰ ਲੈਣ ਵੱਲ ਹੀ ਕੋਈ ਧਿਆਨ ਦਿੱਤਾ ਅਤੇ ਨਾ ਹੀਂ ਵਾਇਸਰਾਏ ਦੀ ਕੌਂਸਲ ਦੇ ਸਿੱਖ ਵਿਚਾਰਵਾਨਾਂ ਦੀ ਹੀ ਕੋਈ ਗੱਲ ਸੁਣੀ। ਨਾ ਜਿਨਾਹ ਸਾਹਿਬ ਵਲੋਂ ਹਿੰਦੂ ਕੁਟਿਲ ਨੀਤੀ ਦੀਆਂ ਚਿਤਾਵਨੀਆਂ ਦੀ ਪ੍ਰਵਾਹ ਕੀਤੀ ਅਤੇ ਨਾ ਹੀਂ ਰਾਜ ਗੋਪਾਲ ਆਚਾਰੀਆ (ਅੰਗਰੇਜ਼ਾਂ ਤੋਂ ਹੀ ਆਪਣਾ ਹਿਸਾ ਲੈ ਲੈਣ) ਦੇ ਮਸ਼ਵਰੇ ਵੱਲ ਹੀ ਧਿਆਨ ਦਿੱਤਾ ਅਤੇ ਸਾਰੀ ਸਿੱਖ ਕੌਮ ਨੂੰ ਬ੍ਰਾਹਮਣਵਾਦ ਦੀ ਗ਼ੁਲਾਮੀ ਦੇ ਜਾਲ ਵਿੱਚ ਜਾ ਫਸਾਇਆ।

ਬ੍ਰਾਹਮਣਵਾਦ ਪਹਿਲੇ ਦਿਨ ਤੋਂ ਹੀ ਸਿੱਖੀ ਦਾ ਦੁਸ਼ਮਣ ਰਿਹਾ ਹੈ। ਇਸ ਵਲੋਂ ਸਿੱਖੀ ਦੇ ਬੂਟੇ ਨੂੰ ਲਗਦੇ ਸਾਰ ਹੀ ਪੁੱਟ ਦੇਣ ਦੇ ਲਗਾਤਾਰ ਵਾਰ ਹੁੰਦੇ ਰਹੇ, ਭਾਵੇਂ ਸਿਆਸੀ ਗ਼ੁਲਾਮੀ ਅਤੇ ਰਾਜ ਸੱਤਾ ਦੀ ਅਣਹੋਂਦ ਕਾਰਨ ਪਹਿਲਾਂ ਇਹ ਬਹੁਤਾ ਕੁਝ ਨਹੀਂ ਸੀ ਵਿਗਾੜ ਸਕਿਆ, ਪਰ ਬੁੱਧ ਮਤ ਤੇ ਜੈਨ ਮਤ ਵਾਂਗ ਸਿੱਖ ਧਰਮ ਨੂੰ ਨਿਗਲ ਜਾਣ ਵਲੋਂ ਇਹ ਕਦੀ ਅਵੇਸਲਾ ਨਹੀਂ ਸੀ ਹੋਇਆ, ਸਗੋਂ ਹਮੇਸ਼ਾ ਬੁੱਕਲ ਦਾ ਸੱਪ ਬਣਕੇ ਡੱਸਦਾ ਰਿਹਾ ਹੈ। ਜਿਉਂ ਜਿਉਂ ਸਿੱਖੀ ਦਾ ਬੂਟਾ ਵਧਦਾ-ਫੁਲਦਾ ਗਿਆ, ਤਿਉਂ ਤਿਉਂ ਇਸ ਦੀਆਂ ਜੜ੍ਹਾਂ, ਤਣੇ ਅਤੇ ਸ਼ਾਖਾਂ ਉਤੇ ਮਾਰੂ ਵਾਰ ਵੀ ਉਸੇ ਤਨਾਸਬ ਨਾਲ ਤਿੱਖੇ ਹੁੰਦੇ ਗਏ। ਅਜ਼ਾਦੀ ਮਗਰੋਂ ਜਿੰਨੇ ਤਿਖੇ ਤੇ ਮਾਰੂ ਵਾਰ ਅੰਦਰੋਂ ਤੇ ਬਾਹਰੋਂ ਸ਼ੁਰੂ ਹੋਏ, ਉਸ ਤੋਂ ਪਹਿਲਾਂ ਕਦੀ ਨਹੀ ਸੀ ਹੋਏ। ਕਿਉਂਕਿ ਅੱਜ ਦੇ ਬ੍ਰਾਹਮਣਵਾਦ ਕੋਲ ਰਾਜ-ਭਾਗ ਵੀ ਹੈ ਅਤੇ ਪ੍ਰੈਸ, ਰੇਡੀਓ, ਟੀਵੀ, ਆਦਿਕ ਵਿਗਿਆਨਕ ਸਾਧਨਾ ਨਾਲ ਵੀ ਇਹ ਪੂਰੀ ਤਰ੍ਹਾਂ ਹਥਿਆਰਬੰਦ ਹੈ। ਇਹ ਹਮੇਸ਼ਾ ਹੀ ਸਿੱਖੀ ਦਾ ਵੈਰੀ ਰਿਹਾ ਹੈ।

ਅਸਲੀਅਤ ਤਾਂ ਇਹ ਹੈ ਕਿ ਸਿੱਖ ਲੀਡਰਸ਼ਿਪ ਕਾਂਗਰਸ ਦੇ ਹੱਥਾਂ ਵਿੱਚ ਖੇਡ ਰਹੀ ਸੀ। ਸਿੱਖ ਲੀਡਰ ਹਿੰਦੂ ਕਾਂਗਰਸ ਦੇ ਮੂਹਰੇ ਬਣੇ ਰਹੇ; ਉਸ ਦੇ ਇਸ਼ਾਰਿਆਂ 'ਤੇ ਨੱਚਦੇ ਰਹੇ; ਜੋਕਰ ਦਾ ਪਾਰਟ ਅਦਾ ਕਰਦੇ ਰਹੇ; ਹਮੇਸ਼ਾ ਹਿੰਦੂ ਕਾਂਗਰਸ 'ਤੇ ਭਰੋਸਾ ਕਰਦੇ ਰਹੇ; ਕਾਂਗਰਸ ਹਮੇਸ਼ਾ ਸਿੱਖ ਹਿਤਾਂ ਨੂੰ ਨਜ਼ਰ ਅੰਦਾਜ਼ ਕਰਦੀ ਰਹੀ; ਸਿੱਖ ਹਿਤਾਂ ਨੂੰ ਵੇਚਦੀ ਰਹੀ; ਮੁਸਲਿਮ ਲੀਗ ਨਾਲ ਪੰਜਾਬ ਸਬੰਧੀ ਗੱਲਬਾਤ ਕਰਦਿਆਂ ਸਿੱਖਾਂ ਦਾ ਕਦੀ ਜ਼ਿਕਰ ਤਕ ਵੀ ਨਹੀਂ ਸੀ ਕਰਦੀ; ਸਗੋਂ ਸਿੱਖਾਂ ਨੂੰ ਕਮਜ਼ੋਰ ਕਰਨ ਦੇ ਹੀਲੇ ਹਰਬੇ ਵਰਤਦੀ ਰਹੀ। ਇਸ ਹਕੀਕਤ ਤੋਂ ਸਾਰੇ ਅਕਾਲੀ ਲੀਡਰ ਨਾ ਕੇਵਲ ਚੰਗੀ ਤਰ੍ਹਾਂ ਜਾਣੂ ਹੀ ਸਨ, ਸਗੋਂ 1944 ਦੀ ਅਕਾਲੀ ਕਾਨਫ਼ਰੰਸ ਵਿੱਚ ਸਾਰੇ ਆਪਣੇ ਮਤਿਆਂ ਰਾਹੀਂ ਗਾਂਧੀ ਨੂੰ ਕੋਸਦੇ ਵੀ ਰਹੇ ਸਨ ਕਿ ਉਸ ਨੇ 1929 ਵਿੱਚ ਸਿੱਖਾਂ ਨਾਲ ਕੀਤੇ ਆਪਣੇ ਵਾਅਦੇ ਮੁਤਾਬਕ ਪੰਜਾਬ ਸਬੰਧੀ ਚੱਲ ਰਹੀ ਗੱਲਬਾਤ ਵਿੱਚ ਸਿੱਖਾਂ ਨਾਲ ਸਲਾਹ-ਮਸ਼ਵਰਾ ਨਾ ਕਰਕੇ ਵਿਸ਼ਵਾਸਘਾਤ ਕੀਤਾ ਸੀ। (ਵੇਖੋ 'ਬਹਾਦਰ ਸਿੱਖ ਕੌਮ ਕਿਵੇਂ ਪਿੰਜਰੇ ਵਿੱਚ ਪਈ?' ਸਫ਼ਾ 91-93) ਹੁਣ ਸੁਆਲ

ਉਠਦਾ ਹੈ ਕਿ ਜਦ ਸਾਡੇ ਲੀਡਰਾਂ ਨੂੰ ਪਤਾ ਸੀ ਕਿ ਗਾਂਧੀ ਨੇ ਆਪਣਾ ਵਾਅਦਾ ਪੂਰਾ ਨਹੀਂ ਸੀ ਕੀਤਾ, ਫੇਰ ਉਸੇ ਵਿਸ਼ਵਾਸਘਾਤੀ ਨਾਲ ਕਿਉਂ ਸਿਖ ਕੌਮ ਦੀ ਤਕਦੀਰ ਜਾ ਜੋੜੀ?

ਸਿਖ ਲੀਡਰਾਂ ਦੇ ਮੁਕਾਬਲੇ 'ਤੇ ਮੁਸਲਮਾਨ ਦਿਮਾਗ਼ ਵੇਖੋ। ਸ਼ੇਖ ਅਬਦੁੱਲਾ ਨੇ ਨਹਿਰੂ ਦੇ ਜ਼ਬਾਨੀ ਵਾਅਦਿਆਂ 'ਤੇ ਇਤਬਾਰ ਨਹੀਂ ਸੀ ਕੀਤਾ। ਕਸ਼ਮੀਰ ਨੂੰ ਹਿੰਦੁਸਤਾਨ ਨਾਲ ਜੋੜਨ ਤੋਂ ਪਹਿਲਾਂ ਨਹਿਰੂ ਤੋਂ ਭਾਰਤੀ ਵਿਧਾਨ ਵਿੱਚ ਧਾਰਾ 370 ਲਿਖਵਾਈ, ਜਿਸ ਮੁਤਾਬਕ ਕਸ਼ਮੀਰ ਦਾ ਆਪਣਾ ਪ੍ਰਧਾਨ (ਸਦਰਿ ਰਿਆਸਤ), ਆਪਣਾ ਵਿਧਾਨ ਅਤੇ ਆਪਣਾ ਨਿਸ਼ਾਨ (ਝੰਡਾ) ਹੋਣਾ ਮੰਨਿਆ ਗਿਆ। ਭਾਰਤ ਕੋਲ ਕੇਵਲ ਚਾਰ ਮਹਿਕਮੇ-ਫ਼ੌਜ, ਡਾਕਤਾਰ, ਵਿਦੇਸ਼ੀ, ਕਰੰਸੀ, ਹੀ ਰੱਖੇ ਜਾਣੇ ਮੰਨੇ ਗਏ ਸਨ। ਕਸ਼ਮੀਰ ਦੇ ਆਪਣੇ ਕਾਨੂੰਨ, ਆਪਣੀ ਜ਼ਬਾਨ ਅਤੇ ਆਪਣੇ ਸਭਿਆਚਾਰ ਨੂੰ ਸਵੀਕਾਰਿਆ ਗਿਆ ਸੀ, ਜਿਸ ਮੁਤਾਬਕ ਗ਼ੈਰ-ਕਸ਼ਮੀਰੀ ਭਾਵ ਕੋਈ ਹਿੰਦੁਸਤਾਨੀ ਕਸ਼ਮੀਰ ਵਿੱਚ ਜਾਇਦਾਦ ਨਹੀਂ ਸੀ ਖ਼ਰੀਦ ਸਕਦਾ। ਸਿੱਖ ਲੀਡਰਾਂ ਇਤਨਾ ਕੁਝ ਵੀ ਕਿਉਂ ਨਾ ਲਿਆ, ਜਦ ਕਿ ਵੰਡ ਵੇਲੇ ਸਿਖ ਹਿੰਦੁਸਤਾਨ ਦੀ ਤੀਜੀ ਧਿਰ ਸਨ? ਇਹ ਇੱਕ ਵੱਖਰੀ ਗੱਲ ਹੈ ਕਿ ਕਿ ਠੱਗੀਮਾਰ ਬ੍ਰਾਹਮਣ-ਬਾਣੀਏ ਨੇ ਹੌਲੀ-ਹੌਲੀ ਕਸ਼ਮੀਰ ਦਾ ਸਭ ਕੁਝ ਵੱਖਰਾ ਖ਼ਤਮ ਕਰਕੇ ਉਥੇ ਭਾਰਤੀ ਵਿਧਾਨ, ਭਾਰਤੀ ਗਵਰਨਰ ਅਤੇ ਭਾਰਤੀ ਫ਼ੌਜ ਦਾ ਰਾਜ ਕਾਇਮ ਕਰ ਦਿੱਤਾ ਹੋਇਆ ਹੈ, ਪਰ ਆਪਣੇ ਵਲੋਂ ਮੁਸਲਮਾਨ ਲੀਡਰ ਨੇ ਆਪਣੀ ਕੌਮ ਲਈ ਸਭ ਕੁਝ ਪੱਕਾ ਕੀਤਾ ਸੀ। ਸਾਰੀ ਦੁਨੀਆ ਨੇ ਤਾਂ ਬ੍ਰਾਹਮਣ-ਬਾਣੀਏ ਦੀ ਕਸ਼ਮੀਰ ਨਾਲ ਕੀਤੀ ਇੱਕ ਹੋਰ ਠੱਗੀ ਤੱਕ ਲਈ ਹੈ, ਪਰ ਸਿੱਖ ਲੀਡਰਾਂ ਅੱਜੇ ਤਕ ਕੋਈ ਸਬਕ ਨਹੀਂ ਸਿਖਿਆ।

ਪਿੱਛੇ ਜਿਹੇ ਇਲੈਕਸ਼ਨਾਂ ਹੋਈਆਂ। ਸ. ਪ੍ਰਕਾਸ਼ ਸਿੰਘ ਬਾਦਲ ਨੇ ਬਿਨਾਂ ਕਿਸੇ ਸ਼ਰਤ ਦੇ ਭਾਜਪਾ ਨੂੰ ਹਿਮਾਇਤ ਦੇਣ ਦਾ ਐਲਾਨ ਦੇ ਮਾਰਿਆ। ਉਸ ਭਾਜਪਾ ਅਤੇ ਆਰ. ਐਸ. ਐਸ. ਦੀ ਬਿਨਾਂ ਸ਼ਰਤ ਹਿਮਾਇਤ ਕਰਨ ਦਾ ਐਲਾਨ ਕੀਤਾ, ਜਿਹੜੇ ਸਿੱਖਾਂ ਨੂੰ ਕੇਸਾਧਾਰੀ ਹਿੰਦੂ ਆਖਦੇ ਹਨ; ਜਿਹੜੇ ਪੰਜਾਬੀ ਜ਼ਬਾਨ ਨੂੰ ਉਜੱਡ ਜ਼ਬਾਨ ਦੱਸਦੇ ਹਨ; ਜਿਨ੍ਹਾਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਦੀ ਖ਼ੁਸ਼ੀ ਵਿੱਚ ਲੱਡੂ ਵੰਡੇ ਸਨ; ਜਿਨ੍ਹਾਂ ਹਮੇਸ਼ਾ ਪੰਜਾਬ ਨਾਲ ਗ਼ਦਾਰੀਆਂ ਕੀਤੀਆਂ; ਜਿਹੜੇ ਹਮੇਸ਼ਾ ਪੰਥ ਦੋਖੀ ਰਹੇ ਹਨ ਅਤੇ ਜਿਨ੍ਹਾਂ ਨੇ ਸਿੱਖੀ ਦੀ ਫੱਟੀ ਪੋਚ ਦੇਣ ਦੀ ਸਹੁੰ ਖਾ ਰੱਖੀ ਹੈ। ਇਸ ਦੇ ਮੁਕਾਬਲੇ ਤੇ ਇਕ ਹੋਰ ਮੁਸਲਮਾਨ ਇਮਾਮ ਦੀ ਮਿਸਾਲ ਹਾਜ਼ਰ ਹੈ।

ਇਸ ਤੋਂ ਪਹਿਲਾਂ ਕਿ ਮੈਂ ਪਾਠਕਾਂ ਸਾਹਮਣੇ ਸ਼ਾਹੀ ਇਮਾਮ ਸਈਯਦ ਅਬਦੁਲਾ ਬੁਖ਼ਾਰੀ ਦੀ ਵਿਸ਼ੇਸ਼ ਇੰਟਰਵਿਊ ਦਾ ਕੁਝ ਹਿਸਾ ਰੱਖਾਂ, ਉਹਨਾਂ ਸਬੰਧੀ ਕੁਝ ਜਾਣਕਾਰੀ ਦੇਣੀ ਜ਼ਰੂਰੀ ਬਣਦੀ ਹੈ। ਆਪ ਇੱਕ ਧਾਰਮਿਕ ਆਗੂ ਘੱਟ ਅਤੇ ਮੁਸਲਿਮ ਸਿਆਸਤਦਾਨ ਕਰਕੇ ਵਧੇਰੇ ਜਾਣੇ ਜਾਂਦੇ ਹਨ ਅਤੇ ਘਟਗਿਣਤੀਆਂ ਦੇ ਇੱਕਠੇ ਹੋ ਕੇ

ਆਪਣੇ ਹੱਕਾਂ ਲਈ ਲੜਨ ਵਿੱਚ ਵਿਸ਼ਵਾਸ ਰੱਖਦੇ ਹਨ। ਸਿੱਖ ਮਸਲਿਆਂ ਨਾਲ ਆਪ ਦੀ ਕਾਫ਼ੀ ਨੇੜਤਾ ਰਹੀ ਹੈ। ਦਿੱਲੀ ਦੀਆਂ ਸਿੱਖ ਸਟੇਜਾਂ ਤੋਂ ਸੰਗਤਾਂ ਨੂੰ ਸੰਬੋਧਨ ਕਰਦੇ ਰਹਿੰਦੇ ਹਨ। (ਸਾਡੇ ਜਥੇਦਾਰ ਲਈ ਤਾਂ ਇਹ ਸਭ ਕੁਝ ਸਿਆਸਤ ਹੈ, ਕਿਉਂਕਿ ਇਹ ਤਾਂ ਸੱਜ-ਧੱਜ ਕੇ ਦੁਕਾਨਾਂ ਤੇ ਘਰਾਂ ਦੀਆਂ ਚੱਠਾਂ-ਮਹੂਰਤ ਦਾ ਹੀ ਕੰਮ ਕਰਨ ਵਾਲੇ ਹਨ) ਧਰਮ ਯੁਧ ਮੋਰਚੇ ਦੌਰਾਨ ਆਪ ਦਰਬਾਰ ਸਾਹਿਬ ਗਏ ਸਨ ਅਤੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨਾਲ ਸਾਂਝੇ ਮਸਲਿਆਂ ਸਬੰਧੀ ਵਿਚਾਰ-ਵਟਾਂਦਰਾ ਕਰਦੇ ਰਹੇ ਸਨ। ਸੰਤ ਜੀ ਦਾ ਬਹੁਤ ਸਤਿਕਾਰ ਕਰਦੇ ਸਨ।

ਜਿੱਥੇ ਸਿੱਖ ਲੀਡਰਾਂ ਦੀ ਸੋਚ ਵਜ਼ੀਰੀਆਂ ਦੁਆਲੇ ਘੁੰਮ ਰਹੀ ਹੈ, ਉਥੇ ਮੁਸਲਮਾਨ ਆਗੂਆਂ ਦੀ ਸੋਚ ਸਮੁੱਚੀ ਕੌਮੀ ਭਲਾਈ ਦੁਆਲੇ ਘੁੰਮ ਰਹੀ ਹੈ। ਮੁਸਲਮਾਨ ਲੀਡਰ ਕਿਤਨੇ ਸੂਝ-ਬੂਝ ਵਾਲੇ ਹਨ, ਕਿਤਨੇ ਮੁਦੱਬਰ ਹਨ ਅਤੇ ਕਿਤਨੀ ਉਚੀ ਕੌਮੀ ਸੋਚ ਰੱਖਦੇ ਹਨ, ਉਸ ਦਾ ਅੰਦਾਜ਼ਾ ਸ਼ਾਹੀ ਇਮਾਮ ਸਈਯਦ ਅਬਦੁਲਾ ਬੁਖ਼ਾਰੀ ਦੇ ਅਪ੍ਰੈਲ 1990 ਦੇ 'ਸੰਤ ਸਿਪਾਹੀ' ਸਫ਼ਾ 45-46 'ਤੇ ਛਪੇ ਵਿਸ਼ੇਸ਼ ਇੰਟਰਵਿਊ ਤੋਂ ਲਗਾਇਆ ਜਾ ਸਕਦਾ ਹੈ। ਪਿੱਛਲੀਆਂ ਇਲੈਕਸ਼ਨਾਂ ਤੋਂ ਪਹਿਲਾਂ ਆਪ ਨੇ ਵੀ.ਪੀ.ਸਿੰਘ ਨਾਲ ਲਿਖਤੀ ਅਹਿਦਨਾਮਾ ਕੀਤਾ ਸੀ, ਜਿਸ ਬਦਲੇ 13 ਫ਼ੀਸਦੀ ਮੁਸਲਮਾਨਾਂ. ਜਿਹੜੇ ਕਿ ਕਾਂਗਰਸ ਦਾ ਬੈਂਕ ਸਮਝੇ ਜਾਂਦੇ ਸਨ, ਨੇ ਕਾਂਗਰਸ ਵਿਰੁਧ ਜਨਤਾ ਪਾਰਟੀ ਨੂੰ ਵੋਟਾਂ ਪਾਈਆਂ ਸਨ। ਹੇਠਾਂ ਉਸ ਇੰਟਰਵਿਊ ਵਿੱਚੋਂ ਕੁਝ ਸੁਆਲ ਜਵਾਬ ਪਾਠਕਾਂ ਦੇ ਗਿਆਤ ਲਈ ਹਾਜ਼ਰ ਹਨ -

?- ਲੱਗਦਾ ਹੈ ਕਿ ਹੁਣ ਤਕ ਸਰਕਾਰ ਦੀਆਂ ਨੀਤੀਆਂ ਤੋਂ ਤੁਸੀਂ ਸੰਤੁਸ਼ਟ ਹੋ।

- ਮੈਂ ਆਪਣੇ ਨਾਲ ਹੋਏ ਸਮਝੌਤੇ ਤੋਂ ਸੰਤੁਸ਼ਟ ਹਾਂ।

?- ਕਿਹੜਾ ਸਮਝੌਤਾ?

- ਇਹ ਮੈਂ ਨਹੀਂ ਦੱਸਾਂਗਾ।

?- ਕੀ ਸਮਝੌਤੇ ਦਾ ਤੁਅਲਕ ਰਾਮ ਜਨਮ ਭੂਮੀ ਨਾਲ ਹੈ?

- ਰਾਮ ਜਨਮ ਭੂਮੀ ਹੀ ਕਿਉਂ? ਮੈਨੂੰ ਨਹੀਂ ਯਾਦ ਸਮਝੌਤਾ ਇਸ ਨਾਲ ਸਬੰਧਤ ਹੈ ਕਿ ਨਹੀਂ। ਉਸ ਦਾ ਸਬੰਧ ਸਾਰੇ ਮਸਲਿਆਂ ਨਾਲ ਹੈ। ਇਹ ਲਾਕਰ ਵਿੱਚ ਪਿਆ ਹੈ।

?- ਕੀ?

? ਕੀ ਉਹ ਲਿਖਤੀ ਸਮਝੌਤਾ ਹੈ?

- ਹਾਂ।

?- ਅਤੇ ਤੁਹਾਡੇ ਕੋਲ ਹੈ?

- ਮੇਰੇ ਲਾਕਰ ਵਿੱਚ ਪਿਆ ਹੈ।

?- ਕੀ ਉਹ ਚੋਣਾਂ ਤੋਂ ਪਹਿਲਾਂ ਤਿਆਰ ਹੋਇਆ ਸੀ?

- ਹਾਂ।

?- ਕੀ ਜਨਤਾ ਦਲ ਦੇ ਦੂਜੇ ਲੀਡਰਾਂ ਨੂੰ ਇਸ ਬਾਰੇ ਪਤਾ ਹੈ?

- ਮੈਂ ਕੁਝ ਨਹੀਂ ਕਹਿਣਾ। ਦਸਤਖ਼ਤ ਮੌਜੂਦ ਹਨ।
?- ਕੀ ਸਮਝੌਤੇ ਉਤੇ ਕੋਈ ਮੁਹਰ ਵੀ ਲਗੀ ਹੈ?
- ਹਾਂ।

ਕਿਥੇ ਬਾਦਲ ਦੀ ਬਿਨਾਂ ਸ਼ਰਤ ਸਿੱਖਾਂ ਦੀ ਦੁਸ਼ਮਣ ਨੰਬਰ ਇੱਕ ਭਾਜਪਾ ਨੂੰ ਹਿਮਾਇਤ ਦੇਣੀ ਤੇ ਕਿਥੇ ਇੱਕ ਮੁਸਲਮਾਨ ਧਾਰਮਿਕ ਆਗੂ ਦਾ ਆਪਣੀ ਕੌਮ ਲਈ ਲਿਖਤੀ ਅਹਿਦਨਾਮਾ ਕਰਕੇ ਵੋਟਾਂ ਪਾਣੀਆਂ। ਦਿੱਲੀ, ਹਰਿਆਣਾ, ਰਾਜਿਸਥਾਨ, ਮੱਧ ਪ੍ਰਦੇਸ਼, ਬੰਬਈ, ਯੂਪੀ ਅਤੇ ਕਈ ਹੋਰ ਪ੍ਰਾਂਤਾਂ ਦੇ ਬਹੁਤ ਸਾਰੇ ਅਜਿਹੇ ਪਾਰਲੀਮਾਨੀ ਹਲਕੇ ਹਨ, ਜਿੱਥੇ ਕਿਸੇ ਵੀ ਪਾਰਟੀ ਦੀ ਹਾਰ-ਜਿੱਤ ਦਾ ਫ਼ੈਸਲਾ ਸਿੱਖ ਵੋਟਾਂ 'ਤੇ ਨਿਰਭਰ ਕਰਦਾ ਹੈ। ਹਰਿਆਣਾ, ਰਾਜਿਸਥਾਨ, ਦਿੱਲੀ ਅਤੇ ਉਤਰ ਪ੍ਰਦੇਸ਼ ਦੀਆਂ ਘੱਟੋ ਘੱਟ 25 ਫ਼ੀਸਦੀ ਸੀਟਾਂ (ਜਿਨ੍ਹਾਂ ਦੀ ਹਾਰ-ਜਿੱਤ ਦਾ ਫ਼ੈਸਲਾ ਸਿੱਖ ਵੋਟਾਂ ਨਾਲ ਹੁੰਦਾ ਹੈ) ਸਿੱਖ ਵੋਟਰਾਂ ਦੀ ਬਦੌਲਤ ਹੀ ਭਾਜਪਾ ਦੀ ਝੋਲੀ ਪਈਆਂ। ਇਹੀ ਹਾਲ ਦਿੱਲੀ ਦੀ ਅਸੰਬਲੀ ਦਾ ਹੈ, ਜਿੱਥੇ ਸਿੱਖ ਵੋਟਾਂ ਹੀ ਹਾਰ-ਜਿੱਤ ਦਾ ਫ਼ੈਸਲਾ ਕਰਦੀਆਂ ਹਨ। ਕੀ ਅਜਿਹੀਆਂ ਥਾਵਾਂ 'ਤੇ ਸਾਡੇ ਲੀਡਰ ਸਿੱਖ ਵੋਟਾਂ ਦੇ ਬਲ-ਬੋਤੇ ਨਾਲ ਕੌਮ ਦੇ ਭਵਿਖ ਲਈ ਸਮਝੌਤੇ ਨਹੀਂ ਕੀਤੇ ਜਾ ਸਕਦੇ? ਸਭ ਕੁਝ ਹੋ ਸਕਦਾ ਹੈ, ਜੇ ਕੌਮ ਦਾ ਦਰਦ ਹੋਵੇ। ਸਾਡੇ ਲੀਡਰ ਤਾਂ ਵਜ਼ਾਰਤਾਂ ਲਈ ਅਤੇ ਆਪਣੇ ਪੁੱਤਰਾਂ ਤੇ ਜਵਾਈਆਂ ਨੂੰ ਵਜ਼ੀਰ ਬਣਾਉਣ ਖ਼ਾਤਰ ਦੀਨ-ਈਮਾਨ ਵੇਚੀ ਬੈਠੇ ਹਨ।

ਜੇ ਕੋਈ ਸਿੱਖ ਕੌਮ ਦਾ ਕੌਮ ਹਿਤੈਸ਼ੀ ਸੂਝਵਾਨ ਆਗੂ ਹੁੰਦਾ, ਤਾਂ ਸਿੱਖੀ ਤੇ ਪੰਜਾਬ ਦੀ ਦੁਸ਼ਮਣ ਨੰਬਰ ਇੱਕ ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ ਦੇਣ ਦੇ ਬਾਰ-ਬਾਰ ਐਲਾਨ ਕਰਨ ਦੀ ਬਜਾਏ ਉਸ ਸਾਹਮਣੇ ਪੰਜਾਬ ਮਸਲਿਆਂ ਦੇ ਹੱਲ ਕਰਨ ਦੀਆਂ ਸ਼ਰਤਾਂ ਰੱਖਦਾ। ਜੇ ਬਾਦਲ ਅਜ਼ਾਦ ਖ਼ਾਲਿਸਤਾਨ ਦੀ ਮੰਗ ਨਹੀਂ ਸੀ ਰੱਖ ਸਕਦਾ, ਤਾਂ ਅਨੰਦਪੁਰ ਮਤੇ ਦੀ ਮੰਗ ਤਾਂ ਰੱਖ ਸਕਦਾ ਸੀ। ਜੇ ਇਹ ਵੀ ਨਹੀਂ ਸੀ ਰੱਖ ਸਕਦਾ, ਤਾਂ ਘੱਟ ਤੋਂ ਘੱਟ ਇਹ ਤਾਂ ਕਹਿ ਸਕਦਾ ਸੀ ਕਿ ਅਸੀਂ ਉਸ ਹਾਲਤ ਵਿੱਚ ਹੀ ਸਹਿਯੋਗ ਦਿਆਂਗੇ, ਜੇ ਭਾਜਪਾ ਸਾਨੂੰ ਪੰਜਾਬ ਦੇ ਹੇਠ ਲਿਖੇ ਮਸਲਿਆਂ ਦੇ ਹੱਲ ਕੀਤੇ ਜਾਣ ਦੀ ਲਿਖਤੀ ਗਰੰਟੀ ਦੇਵੇਗੀ-

ਤਿੰਨ ਮਹੀਨਿਆਂ ਦੇ ਅੰਦਰ ਅੰਦਰ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਵਾਪਸ ਪੰਜਾਬ ਨੂੰ ਦੇਕੇ ਪੰਜਾਬੀ ਸੂਬੇ ਨੂੰ ਮੁਕੰਮਲ ਕੀਤਾਂ ਜਾਏਗਾ। ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਬੰਦ ਸਾਰੇ ਨਿਰਦੋਸ਼ ਸਿੱਖਾਂ ਨੂੰ ਫ਼ੌਰੀ ਰਿਹਾ ਕਰਕੇ ਉਹਨਾਂ ਨੂੰ ਮੁਆਵਜ਼ਾ ਦਿੱਤਾ ਜਾਏਗਾ। ਰਾਈਪੇਰੀਅਨ ਕਾਨੂੰਨ ਦੇ ਅਧੀਨ ਪੰਜਾਬ ਦੇ ਪਾਣੀ ਦਾ ਮਾਲਕ ਪੰਜਾਬ ਨੂੰ ਮੰਨਿਆ ਜਾਏਗਾ ਅਤੇ ਇਸ ਸਬੰਧੀ ਪਿਛਲੀਆਂ ਸਾਰੀਆਂ ਲਿਖਤਾਂ ਰੱਦ ਸਮਝੀਆਂ ਜਾਣਗੀਆਂ। ਪੰਜਾਬ ਦੇ ਪਾਣੀ ਤੇ ਬਿਜਲੀ ਦਾ ਕੰਟਰੋਲ ਛੇ ਮਹੀਨੇ ਦੇ ਅੰਦਰ-ਅੰਦਰ ਪੰਜਾਬ ਦੇ ਹਵਾਲੇ ਕਰ ਦਿੱਤਾ ਜਾਏਗਾ। ਬਲਿਊ ਸਟਾਰ ਆਪਰੇਸ਼ਨ ਅਤੇ ਨਵੰਬਰ ਚੁਰਾਸੀ ਦੇ ਦੇਸ਼ ਵਿਆਪੀ ਸਿੱਖਾਂ ਦੇ ਕਤਲੇਆਮ ਲਈ ਸਰਕਾਰ ਮੁਆਫ਼ੀ ਮੰਗਕੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਨਿਊਰਮਬਰਗ ਟਰਾਇਲਜ਼ ਵਰਗੀਆਂ ਅਦਾਲਤਾਂ ਕਾਇਮ ਕਰੇਗੀ ਅਤੇ ਪੀੜਤ

ਸਿਖ ਪਰਿਵਾਰਾਂ ਨੂੰ ਢੁਕਵਾਂ ਮੁਆਫ਼ਜ਼ਾ ਦੇਵੇਗੀ। ਭਾਰਤੀ ਫ਼ੌਜ ਵਿੱਚ ਸਿੱਖਾਂ ਦਾ 1947 ਦਾ ਅਨੁਪਾਤ ਬਹਾਲ ਕੀਤਾ ਜਾਏਗਾ। ਪਾਰਲੀਮੈਂਟ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਇਕ ਕਮੇਟੀ ਬਣਾ ਕੇ ਅਜ਼ਾਦੀ ਵੇਲੇ ਸਿੱਖਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਇੱਕ ਸਾਲ ਦੇ ਅੰਦਰ-ਅੰਦਰ ਲਾਗੂ ਕਰਨ ਦਾ ਪਲਾਨ ਪੇਸ਼ ਕਰੇਗੀ। ਸਿੱਖ ਕੌਮ ਦੀ ਸਾੜੀ ਗਈ ਇਤਿਹਾਸਕ ਲਾਇਬਰੇਰੀ ਨੂੰ ਬਹਾਲ ਕੀਤਾ ਜਾਏਗਾ ਅਤੇ ਸਿੱਖ ਕੌਮ ਦੇ ਲੁੱਟੇ ਗਏ ਤੋਸ਼ੇਖ਼ਾਨੇ ਦੀਆਂ ਵਸਤਾਂ ਵਾਪਸ ਕੀਤੀਆਂ ਜਾਣਗੀਆਂ।

ਜਿਤਨਾ ਚਿਰ ਸਿੱਖਾਂ ਦੇ ਅਜ਼ਾਦ ਖਿੱਤੇ ਦਾ ਵਾਅਦਾ ਪੂਰਾ ਨਹੀਂ ਕੀਤਾ ਜਾਂਦਾ, ਉਤਨਾ ਚਿਰ ਤਕ ਭਾਰਤੀ ਪਾਰਲੀਮੈਂਟ ਅਤੇ ਹੋਰ ਪ੍ਰਾਂਤਕ ਸਰਕਾਰਾਂ ਵਲੋਂ ਕੋਈ ਵੀ ਅਜਿਹਾ ਕਾਨੂੰਨ ਸਿੱਖਾਂ 'ਤੇ ਲਾਗੂ ਨਹੀਂ ਕੀਤਾ ਜਾਏਗਾ, ਜਿਸ ਨੂੰ ਸਿੱਖਾਂ ਦੀ ਸ਼੍ਰੋ. ਗੁ. ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਬਹੁਗਿਣਤੀ ਪ੍ਰਵਾਨ ਨਹੀਂ ਕਰੇਗੀ ਅਤੇ ਜਿਸ ਕਾਨੂੰਨ ਨੂੰ ਪਾਸ ਕੀਤੇ ਜਾਣ ਲਈ ਉਹ ਸਿਫ਼ਾਰਿਸ਼ ਕਰੇਗੀ, ਉਹ ਕਾਨੂੰਨ ਛੇ ਮਹੀਨਿਆਂ ਦੇ ਅੰਦਰ-ਅੰਦਰ ਪਾਸ ਕਰ ਦਿੱਤਾ ਜਾਏਗਾ। ਭਾਰਤ ਦੇ ਕਿਸੇ ਵੀ ਹਿੱਸੇ ਵਿੱਚ ਸਿੱਖਾਂ ਨਾਲ ਕੀਤੇ ਗਏ ਧੱਕੇ ਜਾਂ ਵਿਤਕਰੇ ਨੂੰ ਦੂਰ ਕਰਨ ਲਈ ਜੋ ਸ਼ਿਫ਼ਾਰਿਸ਼ ਸ਼੍ਰੋ. ਗੁ. ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਬਹੁਗਿਣਤੀ ਕਰੇਗੀ, ਉਸ ਅਨੁਸਾਰ ਉਸ ਵਿਤਕਰੇ ਨੂੰ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਦੂਰ ਕੀਤਾ ਜਾਏਗਾ। ਪੰਜਾਬੀ ਸੂਬੇ ਵਿੱਚ ਪੰਜਾਬੀ ਹਰ ਅਦਾਰੇ ਵਿੱਚ ਲਾਜ਼ਮੀ ਹੋਵੇਗੀ। ਜਲੰਧਰ ਰੇਡੀਓ ਸਟੇਸ਼ਨ ਤੋਂ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਹੀ ਖ਼ਬਰਾਂ ਦਿੱਤੀਆਂ ਜਾਣਗੀਆਂ।

ਜੇ ਭਾਜਪਾ ਸਾਡੀਆਂ ਮੰਗਾਂ ਲਿਖਤੀ ਰੂਪ ਵਿੱਚ ਮੰਨਦੀ, ਤਾਂ ਹੀ ਅਸੀਂ ਉਸ ਨੂੰ ਸਹਿਯੋਗ ਦਿੰਦੇ। ਉਸ ਹਾਲਤ ਵਿੱਚ ਉਸ ਦੀ ਸਰਕਾਰ ਬਣਨੀ ਸੀ। ਜੇ ਸਾਡੇ ਗ਼ੈਰ-ਜ਼ਿੰਮੇਵਾਰ ਸਿੱਖ ਲੀਡਰਾਂ ਨੇ ਸਿੱਖ ਦੁਸ਼ਮਣ ਭਾਜਪਾ ਦੇ ਬਕਸਿਆਂ ਵਿੱਚ ਸਿੱਖ ਵੋਟਾਂ ਨਾ ਪੁਆਈਆਂ ਹੁੰਦੀਆਂ, ਤਾਂ ਨਾ ਦਿੱਲੀ ਅਸੰਬਲੀ ਵਿੱਚ ਭਾਜਪਾ ਸਰਕਾਰ ਹੁੰਦੀ ਅਤੇ ਨਾ ਹੀ ਕੇਂਦਰ ਵਿੱਚ ਜਨਸੰਘੀ ਸਰਕਾਰ ਹੁੰਦੀ। ਦਿੱਲੀ ਅਸੰਬਲੀ ਦੀਆਂ ਚੋਣਾਂ ਵੇਲੇ ਸਿੱਖ ਵੋਟਾਂ ਲੈਣ ਲਈ ਇਸ ਭਾਜਪਾ ਨੇ ਨਾਅਰਾ ਦਿੱਤਾ ਸੀ ਕਿ ਉਹ ਨਵੇਂ ਯੁੱਗ ਦਾ ਆਰੰਭ ਕਰੇਗੀ ਅਤੇ ਚੁਰਾਸੀ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਵੇਗੀ। ਕੇਂਦਰ ਵਿੱਚ ਵੀ ਪਹਿਲਾਂ ਆਪਣੇ ਆਪ ਨੂੰ ਪੰਜਾਬੀ ਪੁੱਤਰ ਅਖਵਾਉਣ ਵਾਲਾ ਗੁਜਰਾਲ ਪ੍ਰਧਾਨ ਮੰਤਰੀ ਸੀ, ਹੁਣ ਤਾਂ ਜਨਸੰਘੀਆਂ ਦਾ ਆਪਣਾ ਹੀ ਪ੍ਰਧਾਨ ਮੰਤਰੀ ਹੈ ਅਤੇ ਆਪਣੀ ਹੀ ਕੇਂਦਰੀ ਸਰਕਾਰ ਹੈ। ਹੁਣ ਤਾਂ ਕੋਈ ਰੋਕਣ ਵਾਲਾ ਵੀ ਨਹੀਂ। ਫੇਰ ਕਿਉਂ ਨਹੀਂ ਸਜ਼ਾਵਾਂ ਦਿੱਤੀਆਂ ਜਾ ਰਹੀਆਂ? ਕਿਸ ਸਜ਼ਾਵਾਂ ਦੇਣੀਆਂ? ਸਿੱਖ ਨਸਲ ਕੁਸ਼ੀ ਦੇ ਹਰ ਕਦਮ 'ਤੇ ਕਾਂਗਰਸ ਭਾਜਪਾ ਨਾਲ ਵਿਚਾਰ-ਵਟਾਂਦਰਾ ਕਰਦੀ ਰਹੀ ਸੀ। ਸਿੱਖ ਨਸਲਕੁਸ਼ੀ ਦੇ ਮਸਲੇ 'ਤੇ ਭਾਜਪਾ ਕਾਂਗਰਸ ਨਾਲੋਂ ਦਸ ਕਦਮ ਅੱਗੇ ਹੈ।

ਜੇ ਭਾਰਤੀ ਰਾਸ਼ਟਰਵਾਦ ਦਾ ਆਧਾਰ ਹਿੰਦੂ ਬਹੁਗਿਣਤੀ ਦਾ ਸਭਿਆਚਾਰ ਹੈ, ਹਿੰਦੂ ਬਹੁਗਿਣਤੀ ਦਾ ਧਰਮ ਹੈ ਅਤੇ ਹਿੰਦੂ ਬਹੁਗਿਣਤੀ ਦੀ ਬੋਲੀ ਹੈ ਤਾਂ ਅਜਿਹੇ

ਰਾਸ਼ਟਰਵਾਦ ਵਿੱਚ ਵੱਖਵਾਦ ਦੀਆਂ ਲਹਿਰਾਂ ਦਾ ਉਠਣਾ ਤੇ ਤੂਫ਼ਾਨ ਆਉਣੇ ਕੁਦਰਤੀ ਹਨ। ਅਜਿਹੇ ਹਿੰਦੂ ਰਾਸ਼ਟਰਵਾਦ ਦੇ ਇਸ ਸ਼ੂਕਦੇ ਤੇ ਵਾਹੋਦਾਹੀ ਵਧਦੇ ਤੂਫ਼ਾਨ ਅੱਗੇ ਫ਼ੌਲਾਦੀ ਖ਼ਾਲਸੇ ਦਾ ਡਟ ਖਲੋਣਾ ਅਤੇ ਇਸ ਤੋਂ ਲੋਕਾਂ ਨੂੰ ਬਚਾਉਣ ਲਈ ਤੱਤਪਰ ਹੋਣਾ ਕੁਦਰਤੀ ਤੇ ਸੁਭਾਵਕ ਗੱਲ ਹੈ। ਬ੍ਰਾਹਮਣਵਾਦ ਦਾ ਅੱਜ ਸਾਰਾ ਜ਼ੋਰ ਸਿੱਖਾਂ ਤੇ ਮੁਸਲਮਾਨਾਂ ਨੂੰ ਖ਼ਤਮ ਕਰ ਦੇਣ ਤੇ ਲਗਾ ਹੋਇਆ ਹੈ। ਹਿਕ ਦੇ ਜ਼ੋਰ ਨਾਲ, ਧੱਕੇ ਨਾਲ ਅਤੇ ਕਾਨੂੰਨ ਦੇ ਆਸਰੇ ਨਾਲ ਸਿੱਖਾਂ ਵਰਗੀ ਅਣਖੀਲੀ ਕੌਮ ਦਾ ਸਰਬਨਾਸ਼ ਕਰਨ ਲਈ ਲੱਕ ਬੰਨ੍ਹੀ ਖਲੋਤਾ ਹੈ।

ਇਹ ਹੈ ਸੰਖੇਪ ਰੂਪਰੇਖਾ ਵਕਤ ਦੀ ਹਾਕਮ ਜਮਾਤ ਦੇ ਕਿਰਦਾਰ ਦੀ, ਹਿੰਦੂ ਸਾਮਰਾਜ ਦੇ ਰਾਸ਼ਟਰਵਾਦ ਦੀ ਅਤੇ ਮਨੂਵਾਦੀ ਕੁਚੇਸ਼ਟਾ ਦੀ, ਜਿਨ੍ਹਾਂ ਲੋਕਤੰਤਰਤਾ ਦਾ ਬੁਰਕਾ ਪਾ ਕੇ ਸਿਖ ਕੌਮ ਨਾਲ ਠੱਗੀਆਂ ਮਾਰੀਆਂ, ਅਜ਼ਾਦ ਖਿੱਤਾ ਦੇਣ ਦੇ ਲਾਰੇ ਲਾਏ, ਪਰੰਤੂ ਬਾਨਣੂ ਬੰਨਦੇ ਰਹੇ ਸਿਖ ਕੌਮ ਨੂੰ ਘਸਿਆਰਾ ਬਣਾਏ ਜਾਣ ਦੇ ਅਤੇ ਗ਼ੁਲਾਮ ਬਣਾਈ ਰਖੱਣ ਦੇ। ਰਾਜਸੀ ਸੱਤਾ ਹਥਿਆਉਣ ਲਈ ਡੈਮੋਕਰੈਸੀ ਦਾ ਬੁਰਕਾ ਪਾਣਾ ਹਿੰਦੂ ਕਾਂਗਰਸ ਦਾ ਸਿਆਸੀ ਪੈਂਤੜਾ ਸੀ। ਫ਼ਾਸ਼ੀ ਤਾਕਤਾਂ ਜਮਹੂਰੀ ਬੁਰਕਾ ਪਾ ਕੇ ਜਮਹੂਰੀ ਢੰਗ ਨਾਲ ਹੀ ਤਾਕਤ ਹਥਿਆਉਂਦੀਆਂ ਹਨ। ਰਾਜ ਸੱਤਾ ਹਥਿਆਉਣ ਮਗਰੋਂ ਸਭ ਕਾਨੂੰਨੀ ਰੁਕਾਵਟਾਂ ਦਾ ਹੂੰਝਾ ਫੇਰ ਦੇਂਦੀਆਂ ਹਨ। ਹਿਟਲਰ ਨੇ ਕੁਰਸੀ ਸੰਭਾਲਣ ਦੇ ਇਕ ਹਫ਼ਤੇ ਹੀ ਵਿਧਾਨ ਵਿੱਚ ਮੌਜੂਦ ਐਮਰਜੈਂਸੀ ਦਾ ਬਟਨ ਦਬਾ ਕੇ ਸਾਰੀ ਰਾਜਸੀ ਸ਼ਕਤੀ ਵਜ਼ਾਰਤ ਨੂੰ ਦੇ ਦਿੱਤੀ ਸੀ। ਵਰਤਮਾਨ ਸਮੇਂ ਦਾ ਫ਼ਾਸ਼ੀਵਾਦ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅਖ਼ੀਰ ਤੇ ਇਟਲੀ ਵਿੱਚ ਪੈਦਾ ਹੋਇਆ ਅਤੇ ਜਰਮਨੀ ਵਿੱਚ ਪ੍ਰਫੁਲਤ ਹੋਇਆ। ਫ਼ਾਸ਼ੀਵਾਦੀ ਹਿਟਲਰ ਨੇ ਤਕਰੀਬਨ 70-80 ਲੱਖ ਯਹੂਦੀਆਂ ਨੂੰ ਖ਼ਤਮ ਕਰਵਾਇਆ ਸੀ। ਬ੍ਰਾਹਮਣਵਾਦ ਦੀਆਂ ਪਿਛਲੇ 53 ਸਾਲਾਂ ਦੀਆਂ ਸਿਖ ਮਾਰੂ ਨੀਤੀਆਂ ਤੋਂ ਬਿਲਕੁਲ ਸਪਸ਼ਟ ਹੈ ਕਿ ਇਹ ਹਿਟਲਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੈ, ਜ਼ਾਲਮ ਹੈ, ਝੂਠਾ ਹੈ, ਫ਼ਰੇਬੀ ਹੈ ਅਤੇ ਵਿਸਾਹਘਾਤਕ ਹੈ। ਸਿਤਮ ਤਾਂ ਇਸ ਗੱਲ ਦਾ ਹੈ ਕਿ ਜ਼ਾਲਮ ਬ੍ਰਾਹਮਣਵਾਦ ਦੀ ਭਿਅੰਕਰ ਵਿਚਾਰਧਾਰਾ ਦੀ ਅਸਲੀਅਤ ਤੋਂ ਦੁਨੀਆ ਨਾਵਾਕਫ਼ ਹੈ।

ਅੱਜ ਕੋਈ ਵੀ ਸਿਖ ਹਿੰਦੁਸਤਾਨ ਵਿੱਚ ਸੁਰਖਿਅਤ ਨਹੀਂ। ਦੇਸ਼ ਦੇ ਹਰ ਕੋਨੇ ਵਿੱਚ ਸਿੱਖਾਂ ਨੂੰ ਨਫ਼ਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ, ਸ਼ੱਕ ਦੀ ਨਜ਼ਰ ਨਾਲ ਤੱਕਿਆ ਜਾਂਦਾ ਹੈ ਅਤੇ ਦੇਸ਼ ਦੁਸ਼ਮਣ ਸਮਝਿਆ ਜਾਂਦਾ ਹੈ। ਸਾਰੇ ਭਾਰਤ ਅੰਦਰ ਸਿਖ ਦੀ ਜਾਨ, ਮਾਲ ਤੇ ਧਨ ਸੁਰਖਿਅਤ ਨਹੀਂ। ਬੰਬਈ, ਕਲਕੱਤਾ, ਦਿੱਲੀ ਅਤੇ ਕਾਨ੍ਹਪੁਰ ਆਦਿਕ ਸ਼ਹਿਰਾਂ ਵਿੱਚ ਸਿੱਖਾਂ ਲਈ ਕਾਰੋ-ਬਾਰ ਕਰ ਸਕਣਾ ਔਖਾ ਬਣ ਚੁੱਕਾ ਹੈ। ਸਿਖ ਦੁਕਾਨਾਂ, ਸਿਖ ਟਰਾਂਸਪੋਰਟ ਕੰਪਨੀਆਂ, ਸਿਖ ਵਿਉਪਾਰਕ ਅਦਾਰਿਆਂ ਦਾ ਸ਼ਰੇਆਮ ਬਾਈਕਾਟ ਕੀਤਾ ਜਾ ਰਿਹਾ ਹੈ। ਅੱਜ ਸਿਖ ਦੁਕਾਨਦਾਰ ਹੱਥ 'ਤੇ ਹੱਥ ਰੱਖ ਕੇ ਬੈਠੇ

ਹਨ। ਭਾਰਤੀ ਸ਼ਹਿਰਾਂ ਵਿੱਚ ਅੱਜ ਕੋਈ ਸਿੱਖ ਸੌਖਾ ਨਹੀਂ ਟੁਰ ਸਕਦਾ। ਭਾਵੇਂ ਉਹ ਸਰਕਾਰੀ ਅਫ਼ਸਰ ਹੈ ਤੇ ਭਾਵੇਂ ਡਾਕਟਰ। ਉਹ ਦੁਕਾਨਦਾਰ ਹੈ ਜਾਂ ਟੀਚਰ। ਟੈਕਸੀ ਡਰਾਈਵਰ ਹੈ ਜਾਂ ਟਰੱਕ ਮਾਲਕ। ਪ੍ਰੋਫ਼ੈਸਰ ਹੈ ਜਾਂ ਗਰੰਥੀ। ਉਸ ਨੂੰ ਹਰ ਕੋਈ ਅੱਖਾਂ ਪਾੜ-ਪਾੜ ਕੇ ਵੇਖਦਾ ਹੈ। ਉਸ ਦੀ ਥਾਂ-ਥਾਂ ਪੁਣਛਾਣ ਕੀਤੀ ਜਾਂਦੀ ਹੈ, ਤਲਾਸ਼ੀ ਲਈ ਜਾਂਦੀ ਹੈ ਅਤੇ ਬੇਇੱਜ਼ਤ ਕੀਤਾ ਜਾਂਦਾ ਹੈ, ਜਿਸ ਨਾਲ ਅੱਜ ਹਰ ਸਿੱਖ ਹਿਰਦਾ ਅਸੁਰੱਖਿਅਤ ਹੈ, ਮਾਯੂਸ ਹੈ, ਗੁਸੇ ਨਾਲ ਭਰਿਆ ਪੀਤਾ ਹੈ, ਬੇਵਸ ਹੈ ਅਤੇ ਗੁੱਸੇ ਦੀ ਅੱਗ ਨਾਲ ਧੁਖ ਰਿਹਾ ਹੈ। ਸਾਰੇ ਭਾਰਤ ਵਿੱਚ ਸਿੱਖਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ।

ਸਿੱਖਾਂ ਦੀ ਸਰਦਾਰੀ ਮਿੱਟੀ ਵਿੱਚ ਰੋਲੀ ਜਾ ਰਹੀ ਹੈ। ਸਿੱਖ ਅੱਜ ਕੱਖੋਂ ਹੌਲੇ ਹੋ ਚੁੱਕੇ ਹਨ। ਪੱਤਾ-ਪੱਤਾ ਸਿੱਖਾਂ ਦਾ ਵੈਰੀ ਬਣ ਚੁੱਕਾ ਹੈ। ਹਰ ਸਿੱਖ ਦੇ ਦਿਲ ਅੰਦਰੋਂ ਗੁੱਸੇ ਦੇ ਲਾਂਬੂ ਉੱਠ ਰਹੇ ਹਨ। ਨੌਜਵਾਨਾਂ ਦੇ ਡੌਲੇ ਫਰਕਦੇ ਹਨ, ਨਾੜਾਂ ਵਿੱਚ ਖ਼ੂਨ ਖੌਲਦਾ ਹੈ, ਅੱਖਾਂ ਵਿੱਚੋਂ ਗੁੱਸੇ ਦੀ ਅੱਗ ਦੇ ਸ਼ੋਅਲੇ ਨਿਕਲ ਰਹੇ ਹਨ, ਪਰ ਉਹ ਬੇਵਸ ਹਨ। ਉਹਨਾਂ ਦੇ ਹੱਥਾਂ ਨੂੰ ਗ਼ੁਲਾਮੀ ਦੀਆਂ ਹੱਥਕੜੀਆਂ ਤੇ ਪੈਰਾਂ ਨੂੰ ਬੇੜੀਆਂ ਪਈਆਂ ਹੋਈਆਂ ਹਨ। ਅਜਿਹੇ ਭਿਆਨਕ ਹਾਲਾਤ ਵਿੱਚ ਸਿੱਖਾਂ ਦੇ ਬਚਾਓ ਦਾ ਕੇਵਲ ਇੱਕੋ ਤੇ ਇੱਕੋ ਰਾਹ ਬਾਕੀ ਰਹਿ ਗਿਆ ਹੈ। ਉਹ ਹੈ, ਹਰ ਹਾਲਤ ਵਿੱਚ, ਹਰ ਕੀਮਤ 'ਤੇ, ਹਰ ਹੀਲੇ ਨਾਲ ਆਪਣਾ ਘਰ ਅਜ਼ਾਦ ਕਰਾਉਣ ਦਾ ਅਤੇ ਆਪਣਾ ਦੇਸ਼ ਸਥਾਪਤ ਕਰਨ ਦਾ, ਭਾਵੇਂ ਉਸ ਲਈ ਕਿਤਨੀ ਹੀ ਕੁਰਬਾਨੀ ਕਿਉਂ ਨਾ ਦੇਣੀ ਪੈ ਜਾਏ। ਸਿੱਖਾਂ ਦੇ ਦਿਲਾਂ ਵਿੱਚ ਅਜ਼ਾਦੀ ਦੀਆਂ ਲਾਟਾਂ ਉੱਠ ਰਹੀਆਂ ਹਨ, ਗੜ੍ਹ-ਗੜ੍ਹ ਕਰਦਾ ਅਜ਼ਾਦੀ ਦਾ ਲਾਵਾ ਗੜ੍ਹਕ ਰਿਹਾ ਹੈ ਅਤੇ ਅਜ਼ਾਦੀ ਦੀ ਜਵਾਲ਼ਾ-ਮੁਖੀ ਲਾਟ ਗੜ੍ਹ-ਗੜ੍ਹ ਬਾਹਰ ਆ ਰਹੀ ਹੈ।

ਪਿਛਲੇ ਤਿਰਵੰਜਾ ਸਾਲਾਂ ਤੋਂ ਮਨੂ ਸਰਕਾਰ ਵਲੋਂ ਸਾਨੂੰ ਨਿਰਬਲ, ਘਸਿਆਰਾ, ਨਿਤਾਣਾ, ਸਾਹਸਹੀਣ ਅਤੇ ਹੀਣਿਆਂ ਬਣਾਕੇ ਗ਼ੁਲਾਮ ਬਣਾਈ ਰੱਖਣ ਦੀ ਖੇਡ, ਖੇਡੀ ਜਾ ਰਹੀ ਹੈ। ਸਾਡੇ ਧਰਮ, ਸਾਡੇ ਸਭਿਆਚਾਰ, ਸਾਡੀ ਬੋਲੀ, ਸਾਡੇ ਅਰਥਚਾਰੇ, ਸਾਡੇ ਇਤਿਹਾਸ ਅਤੇ ਸਾਡੇ ਸ਼ਾਨਦਾਰ ਖ਼ਾਲਸਈ ਕਿਰਦਾਰ ਨੂੰ ਖੋਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਪੈਰ-ਪੈਰ 'ਤੇ ਸਰਕਾਰੀ ਸੂਹੇ ਬੈਠੇ ਹਨ; ਐਰਾ-ਗ਼ੈਰਾ ਤੇ ਨਥੂ ਖ਼ੈਰਾ ਅੱਜ ਸਿੱਖਾਂ ਨੂੰ ਅੱਖਾਂ ਵਿਖਾ ਰਿਹਾ ਹੈ; ਅੱਜ ਸਿੱਖਾਂ ਨੂੰ ਆਪਣੇ ਗੁਰਦੁਆਰਿਆਂ ਅੰਦਰ ਜਾਣ ਤੋਂ ਪਹਿਲਾਂ ਬੀੜੀਆਂ ਪੀ ਰਹੇ ਪੂਰਬੀਆਂ ਤੋਂ ਤਲਾਸ਼ੀਆਂ ਕਰਾਣੀਆਂ ਪੈਂਦੀਆਂ ਹਨ; ਹੁੱਕੀਆਂ ਪੀਣ ਵਾਲੇ ਵਿਹਲੜ ਤੇ ਭੁੱਖੜ ਅੱਜ ਸਿੱਖਾਂ 'ਤੇ ਰਾਜ ਪਏ ਕਰਦੇ ਨੇ; ਭੁੱਖੜ ਪੂਰਬੀਏ ਬੱਕਰੇ ਪਏ ਖਾਂਦੇ ਨੇ; ਸ਼ਰਾਬਾਂ ਪਏ ਪੀਂਦੇ ਨੇ; ਅਫ਼ਸਰ ਬਣਕੇ ਮਾਰੂਤੀਆਂ ਵਿੱਚ ਫਿਰਦੇ ਨੇ ਅਤੇ ਸਿੱਖਾਂ ਦੀਆਂ ਖਿਲੀਆਂ ਉਡਾ ਰਹੇ ਨੇ।

ਅਜਿਹੇ ਹਾਲਾਤ ਵਿੱਚ ਗ਼ੁਲਾਮੀ ਦਾ ਜੀਵਨ ਜੀਣ ਨਾਲ ਸਿੱਖੀ ਦੇ ਪਤਨ ਦਾ ਖ਼ਤਰਾ ਸਾਫ਼ ਦਿੱਸ ਰਿਹਾ ਹੈ। ਜੇ ਅਸੀਂ ਹੁਣ ਵੀ ਨਾ ਸੰਭਲੇ, ਤਾਂ ਸਿੱਖੀ ਦੀ ਹੋਂਦ ਮਿਟ

ਜਾਣੀ ਸਾਫ਼ ਨਜ਼ਰ ਆ ਰਹੀ ਹੈ। ਅੱਜ ਸਿੱਖ ਕੌਮ ਦੇ ਆਗੂਆਂ ਨੂੰ ਹੋਸ਼ ਵਿੱਚ ਆਉਣ ਦੀ ਲੋੜ ਹੈ। ਆਉਣ ਵਾਲੀਆਂ ਸਿੱਖ ਨਸਲਾਂ ਦੇ ਉਜਲੇ ਭਵਿਖ ਲਈ ਸਾਨੂੰ ਕੁਝ ਸੋਚਣ ਦੀ ਲੋੜ ਹੈ। ਦੁਸ਼ਮਣ ਦੀਆਂ ਵਿਸਾਹਘਾਤਕ ਚਾਲਾਂ ਨੂੰ ਸਮਝ ਕੇ ਉਹਨਾਂ ਨੂੰ ਨਾਕਾਮਯਾਬ ਬਣਾਉਣ ਦੀ ਲੋੜ ਹੈ ਅਤੇ ਆਪਣੀ ਹੋਂਦ ਬਰਕਰਾਰ ਰੱਖਣ ਲਈ ਆਪਣਾ ਘਰ ਅਜ਼ਾਦ ਕਰਾਉਣ ਦੇ ਪ੍ਰਣ ਕਰਨ ਦੀ ਲੋੜ ਹੈ। ਸ਼ੇਰ ਸਿੱਖ ਕੌਮ ਨੂੰ ਗ਼ੁਲਾਮੀ ਦੇ ਪਿੰਜਰੇ ਵਿੱਚੋਂ ਕੱਢਣ ਦੀਆਂ ਜੁਗਤੀਆਂ ਸੋਚਣ ਦੀ ਲੋੜ ਹੈ ਸ਼ੇਰ ਸਿੱਖ ਕੌਮ ਨੂੰ 'ਸਰਕਸ ਦਾ ਸ਼ੇਰ' ਬਣਾਈ ਰੱਖਣ ਵਾਲੇ ਗ਼ਦਾਰ ਆਗੂਆਂ ਦੇ ਨਿਪੁੰਸਕ ਰੋਲ ਦੀ ਚੀਰ-ਫਾੜ ਕਰਕੇ ਉਹਨਾਂ ਕੌਮ-ਘਾਤਕਾਂ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ। ਅਜ਼ਾਦ ਹੋਕੇ ਸ਼ੇਰਾਂ ਵਾਂਗ ਵਿਚਰਨ ਦੀ ਲੋੜ ਹੈ ਅਤੇ ਬ੍ਰਾਹਮਣਵਾਦੀ ਸ਼ਿਕਾਰੀਆਂ ਨੂੰ ਆਪਣੇ ਘਰੋਂ ਬਾਹਰ ਕੱਢਕੇ ਆਪਣਾ ਮਜ਼ਬੂਤ ਘਰ ਸਥਾਪਤ ਕਰਨ ਦੀ ਲੋੜ ਹੈ।

ਕਿਸੇ ਵੀ ਹਾਕਮ ਜਮਾਤ ਜਾਂ ਉਸ ਦੇਸ਼ ਦੀ ਰਾਜਨੀਤੀ ਦਾ ਉਥੋਂ ਦੇ ਲੋਕਾਂ ਦੇ ਧਾਰਮਿਕ, ਸਭਿਆਚਾਰਕ ਅਤੇ ਸਦਾਚਾਰਕ ਜੀਵਨ ਦੇ ਬਣਾਉਣ ਜਾਂ ਵਿਗਾੜਨ ਵਿੱਚ ਬਹੁਤ ਵੱਡਾ ਹੱਥ ਹੋਇਆ ਕਰਦਾ ਹੈ। ਸ਼ਖ਼ਸੀ ਅਤੇ ਸਮਾਜਕ ਜੀਵਨ ਉਤੇ ਰਾਜ ਪ੍ਰਬੰਧ ਦਾ ਅਸਰ ਧਰਮ ਨਾਲੋਂ ਵੀ ਜ਼ਿਆਦਾ ਪੈਂਦਾ ਹੈ। ਰਾਜ ਪ੍ਰਬੰਧ ਪਿਛੇ ਫ਼ੌਜ ਤੇ ਪੁਲਸ ਦੀ ਅਸੀਮਤ ਸ਼ਕਤੀ ਹੁੰਦੀ ਹੈ, ਜਿਸ ਸਾਹਮਣੇ ਕੋਈ ਚੂੰ ਨਹੀਂ ਕਰ ਸਕਦਾ। ਜੋ ਵੀ ਹਿਲਜੁਲ ਕਰਦਾ ਹੈ, ਉਸ ਨੂੰ ਕੁਚਲ ਦਿੱਤਾ ਜਾਂਦਾ ਹੈ। ਜਿਵੇਂ ਹਾਕਮ ਚਾਹੁੰਦੇ ਹਨ, ਜਨਤਾ ਨੂੰ ਉਵੇਂ ਹੀ ਚੱਲਣਾ ਪੈਂਦਾ ਹੈ। ਇਸੇ ਕਰਕੇ ਹੀ 'ਯਥਾ ਰਾਜਾ ਤਥਾ ਪਰਜਾ' ਦਾ ਅਖਾਣ ਪ੍ਰਸਿਧ ਹੋਇਆ। ਹਕੂਮਤ ਕੋਲ ਪੁਲਸ ਹੁੰਦੀ ਹੈ, ਕਾਨੂੰਨ ਪ੍ਰਣਾਲੀ ਹੁੰਦੀ ਹੈ, ਹਥਿਆਰ ਹੁੰਦੇ ਹਨ, ਜੇਲ੍ਹਾਂ ਹੁੰਦੀਆਂ ਹਨ, ਲੋਕਾਂ ਨੂੰ ਗੁੰਮਰਾਹ ਕਰਨ ਦੇ ਟੀਵੀ, ਰੇਡੀਓ, ਅਖ਼ਬਾਰਾਂ, ਆਦਿਕ ਸਾਧਨ ਹੁੰਦੇ ਹਨ, ਜਿਨ੍ਹਾਂ ਦਾ ਪ੍ਰਭਾਵ ਲੋਕਾਂ ਦੇ ਜੀਵਨ ਉਤੇ ਪੈਣਾ ਕੁਦਰਤੀ ਹੈ। ਜਿਹੜੀ ਕੌਮ ਘੱਟ ਗਿਣਤੀ ਵਿੱਚ ਹੋਵੇ, ਰਾਜ ਸੱਤਾ ਵੀ ਜਿਸ ਦੇ ਹੱਥ ਵਿੱਚ ਨਾ ਹੋਵੇ, ਜਿਸ ਦਾ ਧਰਮ, ਸਭਿਆਚਾਰ ਤੇ ਬੋਲੀ ਹਾਕਮ ਜਮਾਤ ਨਾਲੋਂ ਵੱਖਰੇ ਹੋਣ, ਤਾਂ ਉਥੇ ਉਸ ਘਟਗਿਣਤੀ ਦਾ ਧਰਮ, ਉਸ ਦਾ ਸਭਿਆਚਾਰ, ਉਸ ਦੀ ਬੋਲੀ ਅਤੇ ਉਸ ਦੀ ਹੋਂਦ ਕਾਇਮ ਰਹਿ ਸਕਣੇ ਅਸੰਭਵ ਬਣ ਜਾਂਦੇ ਹਨ।

ਕਿਸੇ ਕੌਮ ਦੀ ਆਪਸੀ ਸਾਂਝ ਉਸ ਦੀ ਬੋਲੀ ਹੁੰਦੀ ਹੈ ਅਤੇ ਉਸ ਕੌਮ ਦਾ ਸਭਿਆਚਾਰ ਉਸ ਕੌਮ ਦੀ ਸ਼ਕਤੀ ਦਾ ਚਿੰਨ੍ਹ ਹੁੰਦਾ ਹੈ। ਜੇ ਕਿਸੇ ਕੌਮ ਦੀ ਬੋਲੀ ਤੇ ਸਭਿਆਚਾਰ ਨੂੰ ਖੋਰ ਦਿੱਤਾ ਜਾਏ, ਤਾਂ ਉਹ ਕੌਮ ਤਪਦਿਕ ਦੇ ਮਰੀਜ਼ ਵਾਂਗ ਹੌਲੀ-ਹੌਲੀ ਆਪਣੇ ਆਪ ਮਰ ਜਾਂਦੀ ਹੈ। ਘਟਗਿਣਤੀ ਹਮੇਸ਼ਾ ਬਹੁਗਿਣਤੀ ਦੀ ਨਕਲ ਕਰਦੀ ਹੈ। ਛੋਟੀ ਤੇ ਥੋੜੀ ਚੀਜ਼ ਨੂੰ ਵੱਡੀ ਚੀਜ਼ ਜ਼ਿਆਦਾ ਪ੍ਰਭਾਵਤ ਕਰਦੀ ਹੈ। ਜਦ ਤਕ ਕੋਈ ਕੌਮ ਕਿਸੇ ਬਹੁਗਿਣਤੀ ਦੀ ਗ਼ੁਲਾਮ ਬਣਕੇ ਰਹਿੰਦੀ ਹੈ ਜਾਂ ਕਿਸੇ

ਬਹੁਗਿਣਤੀ ਦੇ ਸਰਬ-ਪੱਖੀ ਪ੍ਰਭਾਵ ਥੱਲੇ ਉਸ ਦੀ ਦੁਬੇਲ ਬਣਕੇ ਜੀਉਂਦੀ ਹੈ, ਵਧਣ-ਫੁੱਲਣ ਦੀ ਥਾਂ ਉਹਦੀ ਕੌਮੀ ਹਸਤੀ ਖੁਰਦੀ ਰਹਿੰਦੀ ਹੈ, ਕਮਜ਼ੋਰ ਹੁੰਦੀ ਰਹਿੰਦੀ ਹੈ, ਹੌਲੀ-ਹੌਲੀ ਬਹੁਗਿਣਤੀ ਹਾਕਮ ਜਮਾਤ ਵਿੱਚ ਜਜ਼ਬ ਹੋਕੇ ਅਲੋਪ ਹੋ ਜਾਂਦੀ ਹੈ ਅਤੇ ਬੀਤੇ ਸਮੇਂ ਦੀ ਕਹਾਣੀ ਬਣਕੇ ਰਹਿ ਜਾਂਦੀ ਹੈ। ਆਪਣੀਆਂ ਗ਼ਲਤ ਗਤੀ-ਵਿਧੀਆਂ, ਕਮਜ਼ੋਰੀਆਂ ਅਤੇ ਅਣਗਹਿਲੀਆਂ ਕਾਰਨ ਬ੍ਰਾਹਮਣਵਾਦ ਹੱਥੋਂ ਮਲੀਆਮੇਟ ਹੋ ਜਾਣ ਵਾਲੇ ਬੁੱਧ ਮਤ ਦੀ ਮਿਸਾਲ ਸਾਡੇ ਸਾਹਮਣੇ ਹੈ।

ਮਨੁੱਖ ਗ਼ੁਲਾਮ ਉਦੋਂ ਹੁੰਦਾ ਹੈ, ਜਦ ਉਹ ਆਪਣੇ ਕੌਮੀ ਵਿਰਸੇ ਦੀ ਗੌਰਵਤਾ ਦਾ ਅਹਿਸਾਸ ਖੋਹ ਬੈਠਦਾ ਹੈ। ਕੌਮੀ ਅਹਿਸਾਸ ਤਦ ਹੀ ਖ਼ਤਮ ਹੁੰਦਾ ਹੈ, ਜਦ ਮਨੁੱਖ ਆਪਣੇ ਮੂਲ ਨਾਲੋਂ ਟੁੱਟ ਜਾਂਦਾ ਹੈ ਅਤੇ ਆਪਣੇ ਇਤਿਹਾਸਕ ਵਿਰਸੇ ਨੂੰ ਪਿੱਠ ਦੇ ਬੈਠਦਾ ਹੈ। ਅਜਿਹੇ ਮਨੁੱਖਾਂ ਵਾਲੀਆਂ ਕੌਮਾਂ ਆਪਣਾ ਸਵੈਮਾਣ ਤਿਆਗ ਬੈਠਦੀਆਂ ਹਨ, ਜਿਸ ਨਾਲ ਉਹਨਾਂ ਦਾ ਸਵੈਬਲ ਆਪਣੇ ਆਪ ਖ਼ਤਮ ਹੋ ਜਾਂਦਾ ਹੈ ਅਤੇ ਉਹ ਸਦਾ ਲਈ ਗ਼ੁਲਾਮ ਬਣੀਆਂ ਰਹਿੰਦੀਆਂ ਹਨ। ਉਹਨਾਂ ਦੀ ਸੰਤਾਨ ਪੁਸ਼ਤਾਂ ਤਕ ਹਾਕਮ ਜਮਾਤ ਦਾ ਪਾਣੀ ਭਰਦੀ ਰਹਿੰਦੀ ਹੈ। ਉਸ ਕੌਮ ਦੇ ਬਸ਼ਿੰਦੇ ਹਾਕਮ ਜਮਾਤ ਦੇ ਭਾਰ ਢੋਂਦੇ ਰਹਿੰਦੇ ਹਨ, ਚਾਕਰੀ ਕਰਦੇ ਰਹਿੰਦੇ ਹਨ, ਖੇਤਾਂ ਦੇ ਮਜ਼ਦੂਰ ਬਣੇ ਰਹਿੰਦੇ ਹਨ, ਖਾਣ-ਪੁੱਟ ਕਾਮੇ ਬਣੇ ਰਹਿੰਦੇ ਹਨ, ਹੋਟਲਾਂ ਦੇ ਬਹਿਰੇ ਬਣੇ ਰਹਿੰਦੇ ਹਨ, ਕਾਰ-ਟਰੱਕਾਂ ਦੇ ਡਰਾਈਵਰ ਅਤੇ ਚੌਕੀਦਾਰ ਬਣਨ ਵਿੱਚ ਫ਼ਖ਼ਰ ਸਮਝਣ ਲੱਗ ਪੈਂਦੇ ਹਨ ਅਤੇ ਉਹਨਾਂ ਨੂੰ ਹਾਕਮ ਜਮਾਤ ਦੀ ਮਰਜ਼ੀ ਤੇ ਖ਼ੁਸ਼ੀ ਅਨੁਸਾਰ ਜੀਣਾ ਪੈਂਦਾ ਹੈ।

ਪਾਰਲੀਮੈਂਟ ਵਿੱਚ ਹਿੰਦੂਆਂ ਦੀ ਹਮੇਸ਼ਾ ਅਕਸਰੀਅਤ ਰਹਿਣੀ ਹੈ। ਵਜ਼ਾਰਤ ਭਾਵੇਂ ਰਾਮ ਲਾਲ ਦੀ ਹੋਵੇ ਤੇ ਭਾਵੇਂ ਸ਼ਾਮ ਲਾਲ ਦੀ, ਰਾਜ ਹਰ ਹਾਲਤ ਵਿੱਚ ਹਿੰਦੂ ਬਹੁਗਿਣਤੀ ਦਾ ਹੀ ਰਹਿਣਾ ਹੈ ਅਤੇ ਸਿੱਖਾਂ ਨੂੰ ਹਮੇਸ਼ਾ ਹਿੰਦੂ ਬਹੁਗਿਣਤੀ ਦਾ ਗ਼ੁਲਾਮ ਬਣਕੇ ਰਹਿਣਾ ਪਏਗਾ। ਸਿੱਖਾਂ ਨੂੰ ਅੱਜ ਇਹ ਗੱਲ ਗੰਭੀਰਤਾ ਨਾਲ ਸੋਚਣੀ ਚਾਹੀਦੀ ਹੈ ਕਿ ਕੀ ਉਹ ਸਦੀਵੀ ਦਾਸ ਬਣੀ ਰਹਿਣਾ ਚਾਹੁੰਦੇ ਹਨ? ਪ੍ਰਾਧੀਨ ਹੋਕੇ ਜੀਣਾ ਮਨਜ਼ੂਰ ਹੈ?

ਰਾਜ ਤਾਂ ਹਮੇਸ਼ਾ ਹਿੰਦੂ ਬਹੁਗਿਣਤੀ ਦਾ ਹੀ ਰਹਿਣਾ ਹੈ। ਸਿੱਖ ਨਸਲਕੁਸ਼ੀ ਦੇ ਮਸਲੇ 'ਤੇ ਇਹ ਸਾਰੀਆਂ ਹਿੰਦੂ ਸਿਆਸੀ ਪਾਰਟੀਆਂ ਸੌ ਫ਼ੀਸਦੀ ਇੱਕ ਹਨ। ਸਿੱਖ ਸ਼ਕਤੀ ਨੂੰ ਤਬਾਹ ਕਰਨ ਦੇ ਮਸਲੇ 'ਤੇ ਇਹਨਾਂ ਵਿੱਚ ਕੋਈ ਮੱਤਭੇਦ ਨਹੀਂ। ਹਿੰਦੂ ਥਿੰਕ ਟੈਂਕ ਦੀ ਸਿੱਖ-ਮਾਰੂ ਨੀਤੀ ਨਾਲ ਸਾਰੀਆਂ ਪਾਰਟੀਆਂ ਸਹਿਮਤ ਹਨ। ਅੱਜ ਤਕ ਕਿਸੇ ਵੀ ਪਾਰਟੀ ਨੇ ਸਿੱਖਾਂ ਉਤੇ ਹੋਏ ਕਹਿਰਾਂ ਦੇ ਜ਼ੁਲਮਾਂ ਸਬੰਧੀ ਹਾਅ ਦਾ ਨਾਅਰਾ ਨਹੀਂ ਮਾਰਿਆ। ਅੱਜ ਤਕ ਇਹਨਾਂ ਦੀ ਕਿਸੇ ਪਾਰਟੀ ਦੇ ਲੀਡਰ ਨੇ ਉਹਨਾਂ ਵਹਿਸ਼ੀਆਨਾ ਜ਼ੁਲਮਾਂ ਦੀ ਨਿਖੇਧੀ ਤਕ ਨਹੀਂ ਕੀਤੀ। ਇਹਨਾਂ ਸਭ ਹਿੰਦੂ ਪਾਰਟੀਆਂ ਦੀ ਸੰਮਤੀ ਤੇ

ਹਿਮਾਇਤ ਨਾਲ ਹੀ ਪੰਜਾਬ ਲਈ ਕਈ ਵਾਰ ਕਾਲੇ ਕਾਨੂੰਨ ਪਾਸ ਕੀਤੇ ਗਏ, ਜਿਸ ਮੁਤਾਬਕ ਕਿਸੇ ਵੀ ਸਿੱਖ ਨੂੰ ਪੁਲਸ ਜਾਂ ਫ਼ੌਜ ਮੌਕੇ 'ਤੇ ਗੋਲੀ ਮਾਰ ਸਕਦੀ ਹੈ, ਤਲਾਸ਼ੀ ਲੈ ਸਕਦੀ ਹੈ, ਜੇਲ੍ਹ ਵਿੱਚ ਸੁੱਟ ਸਕਦੀ ਹੈ, ਲਾ-ਪਤਾ ਕਰ ਸਕਦੀ ਹੈ, ਉਸ ਪੁਲਸ ਜਾਂ ਫ਼ੌਜ ਦੀ ਉਸ ਕਾਰਵਾਈ ਦੀ ਕੋਈ ਪੁੱਛ-ਪੜਤਾਲ ਨਹੀਂ ਕਰ ਸਕਦਾ। ਉਂਜ ਤਾਂ ਸਿੱਖਾਂ ਨੂੰ ਵਿਧਾਨ ਵਿੱਚ ਹਿੰਦੂ ਲਿਖਿਆ ਹੋਇਆ ਹੈ, ਪਰੰਤੂ ਸਿੱਖ ਨਸਲਕੁਸ਼ੀ ਕਰਨ ਲਈ ਪੰਜਾਬ ਦੇ ਸਿੱਖਾਂ ਲਈ ਵੱਖਰੇ ਕਾਲੇ ਕਾਨੂੰਨ ਪਾਸ ਕੀਤੇ ਜਾਂਦੇ ਹਨ।

ਪਿਛਲੇ ਸੋਲ੍ਹਾਂ ਸਾਲਾਂ ਤੋਂ ਸਿੱਖਾਂ ਨੇ ਚੰਗੀ ਤਰ੍ਹਾਂ ਵੇਖ ਲਿਆ ਹੈ। ਸਰਕਾਰਾਂ ਆਉਂਦੀਆਂ ਰਹੀਆਂ, ਜਾਂਦੀਆਂ ਰਹੀਆਂ, ਨਵੀਂਆਂ ਬਣਦੀਆਂ ਰਹੀਆਂ, ਇਨਕੁਆਇਰੀਆਂ ਦੇ ਢੌਂਗ ਵੀ ਰਚੇ ਜਾਂਦੇ ਰਹੇ, ਲੋਕਾਂ ਦੀਆਂ ਅੱਖਾਂ ਵਿੱਚ ਮਿੱਟੀ-ਘੱਟਾ ਪਾਉਣ ਲਈ ਕਮਿਸ਼ਨ ਕਾਇਮ ਕਰਨ ਦਾ ਸਾਂਗ ਵੀ ਕੀਤਾ ਗਿਆ, ਪਰ ਦੋਸ਼ੀਆਂ ਨੂੰ ਸਜ਼ਾਵਾਂ ਅੱਜ ਤਕ ਨਹੀਂ ਮਿਲੀਆਂ। ਜਦ ਸਭ ਕੁਝ ਸਰਕਾਰ ਵਲੋਂ ਹੀ ਵਿਉਂਤਿਆ ਗਿਆ ਸੀ ਅਤੇ ਕਰਵਾਇਆ ਗਿਆ ਸੀ, ਤਾਂ ਸਰਕਾਰ ਆਪਣੇ ਕਾਲੇ ਕਾਰਿਆਂ ਦੀ ਇਨਕੁਆਇਰੀ ਕਿਵੇਂ ਕਰਵਾਏ? ਸਜ਼ਾਵਾਂ ਦੇਣ ਨਾਲ ਸਰਕਾਰ ਦੇ ਆਪਣੇ ਕਾਲੇ ਕਾਰੇ ਨੰਗੇ ਹੁੰਦੇ ਹਨ। ਜਿਹੜੀ ਸਭ ਤੋਂ ਵੱਡੀ ਹੈਰਾਨਗੀ ਹੁੰਦੀ ਹੈ, ਉਹ ਇਹ ਕਿ ਇਤਨਾ ਕੁਝ ਵੇਖਣ ਮਗਰੋਂ ਵੀ ਜਿਹੜੇ ਸਿੱਖ ਲੀਡਰ, ਸਿੱਖਾਂ ਦੀ ਇਸ ਕਾਤਲ ਸਰਕਾਰ ਤੋਂ ਇਨਸਾਫ਼ ਦੀ ਆਸ ਰੱਖਦੇ ਹਨ ਅਤੇ ਉਸੇ ਮਨੂਵਾਦੀ ਵਿਧਾਨ ਵਿੱਚ ਰਹਿਕੇ ਕੌਮ ਦੇ ਭਵਿਖ ਦਾ ਫ਼ੈਸਲਾ ਕਰਨ ਲਈ ਸੋਚਦੇ ਹਨ, ਤਾਂ ਰੱਬ ਹੀ ਰਾਖਾ ਉਹਨਾਂ ਬੇਗ਼ੈਰਤ ਤੇ ਬੇਜ਼ਮੀਰੇ ਗਏ ਗੁਜ਼ਰੇ ਸਿੱਖਾਂ ਦੀ ਸੋਚ ਦਾ।

ਜਿਸ ਭਾਰਤ ਦੇ ਵਿਧਾਨ ਵਿੱਚ ਸਿੱਖ ਹੋਣਾ ਪਾਪ ਹੈ ਅਤੇ ਜਿਸ ਵਿਧਾਨ ਵਿੱਚ ਅੰਮ੍ਰਿਤਧਾਰੀ ਹੋਣਾ ਜੁਰਮ ਹੈ, ਉਥੇ ਸਿੱਖ ਕਿਵੇਂ ਚੈਨ ਨਾਲ ਰਹਿ ਸਕਦੇ ਹਨ? ਕਿਹੜਾ ਵਿਧਾਨ ਤੇ ਕਿਹੜਾ ਕਾਨੂੰਨ? ਸਿੱਖਾਂ ਲਈ ਨਾ ਕੋਈ ਵਿਧਾਨ ਹੈ ਅਤੇ ਨਾ ਹੀਂ ਕੋਈ ਕਾਨੂੰਨ। ਸਿੱਖਾਂ ਲਈ ਤਾਂ ਪੁਲਸ ਤੇ ਸੀ.ਆਰ.ਪੀ. ਦੀਆਂ ਬੰਦੂਕਾਂ ਦੀਆਂ ਨੋਕਾਂ ਹੀ ਵਿਧਾਨ ਹਨ ਅਤੇ ਬੰਦੂਕਾਂ ਹੀ ਕਾਨੂੰਨ। ਉਸ ਵਿਧਾਨ ਨੂੰ ਸਿੱਖ ਕਿਵੇਂ ਮੰਨ ਸਕਦੇ ਹਨ, ਜਿਸ ਨੇ ਸਾਡੇ ਧਰਮ ਤੇ ਸਾਡੀ ਕੌਮੀ ਪਛਾਣ ਨੂੰ ਰਾਸ਼ਟਰ-ਵਿਰੋਧੀ ਬਣਾ ਕੇ ਰੱਖ ਦਿੱਤਾ ਹੈ? ਉਸ ਵਿਧਾਨ ਨੂੰ ਸਿੱਖ ਕਿਵੇਂ ਮੰਨ ਸਕਦੇ ਹਨ, ਜਿਹੜਾ ਰਾਸ਼ਟਰਵਾਦ ਦੇ ਪਲੀਤ ਬੁਰਕੇ ਥੱਲੇ ਸਿੱਖਾਂ ਨੂੰ ਹਿੰਦੂ ਬਣਾਉਣ ਵਿੱਚ ਭਾਈਵਾਲ ਹੋਵੇ? ਉਹ ਸਾਡਾ ਦੇਸ਼ ਨਹੀਂ ਹੈ ਅਤੇ ਨਾਹੀਂ ਉਹ ਸਾਡਾ ਵਿਧਾਨ ਹੈ, ਜਿਥੇ ਸਾਡੀ ਗੁਰਬਾਣੀ ਪੜ੍ਹਨ 'ਤੇ ਪਾਬੰਦੀਆਂ ਹੋਣ, 'ਰਾਜ ਕਰੇਗਾ ਖ਼ਾਲਸਾ' ਪੜ੍ਹਨ 'ਤੇ ਪਾਬੰਦੀਆਂ ਹੋਣ, ਸਾਡੇ ਜਲੂਸਾਂ 'ਤੇ ਪਾਬੰਦੀਆਂ ਹੋਣ, ਸਾਡੇ ਧਾਰਮਿਕ ਚਿੰਨ੍ਹ ਕਿਰਪਾਨ 'ਤੇ ਪਾਬੰਦੀਆਂ ਹੋਣ ਅਤੇ ਸਾਡੀਆਂ ਕੇਸਰੀ, ਨੀਲੀਆਂ ਅਤੇ ਕਾਲੀਆਂ ਦਸਤਾਰਾਂ 'ਤੇ ਪਾਬੰਦੀਆਂ ਹੋਣ।

ਸਿੱਖ ਉਸ ਵਿਧਾਨ ਨੂੰ ਕਿਵੇਂ ਮੰਨ ਸਕਦੇ ਹਨ? ਜਿਸ ਦੀ ਕਾਣੀ ਮਨੂਵਾਦੀ ਅੱਖ ਸਾਹਮਣੇ ਸਾਡੇ ਬੁਨਿਆਦੀ ਸ਼ਹਿਰੀ ਹੱਕ ਖੋਹੇ ਜਾਣ; ਸਾਡੇ ਆਪਣੇ ਘਰ ਵਿੱਚ ਬੰਦੂਕ ਦੀ ਨੋਕ ਨਾਲ ਸਾਡੀਆਂ ਤਲਾਸ਼ੀਆਂ ਲਈਆਂ ਜਾਂਦੀਆਂ ਹੋਣ; ਸ਼ਹਿਰਾਂ, ਪਿੰਡਾਂ ਤੇ ਖੇਤਾਂ ਵਿੱਚ ਕੰਮ ਤੇ ਆਉਂਦਿਆਂ ਜਾਂਦਿਆਂ ਸਾਡੀਆਂ ਤਲਾਸ਼ੀਆਂ ਲਈਆਂ ਜਾਂਦੀਆਂ ਹੋਣ; ਜਰਨੈਲੀ ਸੜਕਾਂ 'ਤੇ, ਹਵਾਈ ਅੱਡਿਆਂ 'ਤੇ, ਬੱਸ ਅੱਡਿਆਂ 'ਤੇ, ਸਾਡੀਆਂ ਤਲਾਸ਼ੀਆਂ ਲੈਕੇ ਸਾਨੂੰ ਬੇਪਤ ਕੀਤਾ ਜਾਂਦਾ ਹੋਵੇ; ਸਾਨੂੰ ਸਾਡੇ ਸਕੂਟਰਾਂ, ਬੱਸਾਂ ਤੇ ਕਾਰਾਂ ਤੋਂ ਥੱਲੇ ਲਾਹਕੇ ਸਾਡੀਆਂ ਤਲਾਸ਼ੀਆਂ ਲੈਕੇ ਜ਼ਲੀਲ ਕੀਤਾ ਜਾਂਦਾ ਹੋਵੇ; ਭਾਵੇ ਕੋਈ ਵਕੀਲ ਹੈ ਜਾਂ ਜੱਜ; ਟੀਚਰ ਹੈ ਜਾਂ ਸਰਕਾਰੀ ਅਫ਼ਸਰ; ਜੇ ਉਸ ਦੀ ਦਾੜ੍ਹੀ ਤੇ ਪਗੜੀ ਹੈ, ਤਾਂ ਉਹ ਸੀ.ਆਰ.ਪੀ. ਜਾਂ ਪੁਲਸ ਤੋਂ ਅਪਮਾਨ ਕਰਾਏ ਬਿਨਾਂ ਬਚ ਨਹੀਂ ਸਕਦਾ। ਇਹ ਨਾ ਕੇਵਲ ਪੰਜਾਬ ਵਿੱਚ ਹੀ ਹੁੰਦਾ ਹੈ, ਸਗੋਂ ਪੰਜਾਬ ਤੋਂ ਬਾਹਰ ਦੇ ਪਰਾਂਤਾਂ ਵਿੱਚ ਵੀ। ਅੱਜ ਹਰ ਪਾਸੇ ਹਰ ਸਿੱਖ ਨੂੰ ਨਫ਼ਰਤ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ। ਅੱਠ ਸਾਲ ਦੇ ਬੱਚੇ ਵੀ ਅੱਤਵਾਦੀ ਅਤੇ ਅੱਸੀ ਸਾਲ ਦੇ ਬਜ਼ੁਰਗ ਵੀ ਅੱਤਵਾਦੀ। ਝੂਠੇ ਮੁਕਾਬਲੇ ਬਣਾਕੇ ਜਿੱਥੇ ਸਾਡਾ ਕਤਲੇਆਮ ਕੀਤਾ ਜਾਂਦਾ ਹੋਵੇ, ਜਿੱਥੇ ਬਿਨਾਂ ਮੁਕੱਦਮੇ ਚਲਾਏ ਜੇਲ੍ਹਾਂ ਵਿੱਚ ਸੁਟਕੇ ਸਾਨੂੰ ਤਸੀਹੇ ਦਿੱਤੇ ਜਾਂਦੇ ਹੋਣ, ਉਥੇ ਸਿੱਖ ਕਿਵੇਂ ਜ਼ਿੰਦਾ ਰਹਿ ਸਕਦੇ ਹਨ? ਇਸ ਲਈ ਸਿੱਖਾਂ ਸਾਹਮਣੇ ਹੋਰ ਕੋਈ ਰਾਹ ਬਾਕੀ ਰਹਿ ਹੀ ਨਹੀਂ ਗਿਆ ਸਿਵਾਏ ਇਸ ਦੇ ਕਿ ਜੱਦੋਜਹਿਦ ਕਰਕੇ ਆਪਣਾ ਘਰ ਅਜ਼ਾਦ ਕਰਾਉਣ।

